
# Dr. Randhawa Dentistry



*Your own dentist who really cares for you*

We Provide the following Services:


- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

Mayfield Rd / Mcvean Dr / Gore Rd / Countryside Dr / Squire Ellis Dr / DENTISTRY

# APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

**647-575-6102**
Email: apexconstruc16@gmail.com


Laddi



# SASH FLEET HOLDING LTD
Established since 2007

NOW HIRING!!!
AZ DRIVERS FOR US

- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment



*HIRING!!! Operations Manager*

- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com

# ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

## KITCHEN CABINET
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate

100% Satisfaction


KITCHEN CABINET


WASHROOM

We Specialize in granite, quartz & marble countertops

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
**416-200-0931**

# TCMPLUS
10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:

- ✔ Diabetes
- ✔ Low Energy
- ✔ Depression
- ✔ Anxiety
- ✔ Gout
- ✔ Disc Pain
- ✔ Prostatitis
- ✔ High Blood Pressure
- ✔ Cron's Disease
- ✔ Colitis
- ✔ Stress
- ✔ Acid Reflux
- ✔ Digestive
- ✔ Sleep Disorder



1st Month Discount

FREE CONSULTATION: **905-415-6999**
30 Wertheim court, Unit 11, Richmond Hill




chatr
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

### ਅੱਜ ਨਾਮਾ >>

ਆਜ਼ਮ ਖਾਨ ਫਿਰ ਪਾੜਿਆ ਮੂੰਹ ਬਹੁਤਾ,
ਪਾਰਲੀਮੈਂਟ ਵਿੱਚ ਕਰੀ ਬਕਵਾਸ ਮੀਆਂ।
ਬੰਦਿਆਂ ਵਾਂਗ ਨਹੀਂ ਬੰਦਿਆਂ ਵਿੱਚ ਬੋਲੇ,
ਆਦਤ ਓਸ ਦੀ ਬਣੀ ਪਈ ਖਾਸ ਮੀਆਂ।
ਔਰਤ ਜਾਤੀ ਨੂੰ ਸਦਾ ਬੇਇੱਜ਼ਤ ਕਰਦਾ,
ਸੱਭਿਆਚਾਰ ਦਾ ਕਰੇ ਉਹ ਨਾਸ ਮੀਆਂ।
ਟਿਪਣੀ ਭੱਦੀ ਸੀ ਜਿਹੋ ਜਿਹੀ ਓਸ ਕੀਤੀ,
ਕਰਦੀ ਕਈਆਂ ਨੂੰ ਬਹੁਤ ਉਦਾਸ ਮੀਆਂ।
ਵੱਖਰੀ ਰਹਿਣ ਦਿਓ ਹਰ ਤਰ੍ਹਾਂ ਰਾਜਨੀਤੀ,
ਵਿਗੜਿਆਂ ਬੋਲਾਂ ਨੂੰ ਠੱਲ੍ਹਣਾ ਚਾਹੀਦਾ ਜੀ।
ਪਾਰਟੀ ਕਿਸੇ ਦਾ ਹੋਵੇ ਪਿਆ ਕੋਈ ਆਗੂ,
ਬੋਲਿਆ ਮੰਦਾ ਨਹੀਂ ਝੱਲਣਾ ਚਾਹੀਦਾ ਜੀ।

**ਤੀਸ ਮਾਰ ਖਾਂ**

# ਟੈਲੀਮਾਰਕਿਟਿੰਗ ਸਕੀਮ ਰਾਹੀਂ ਅਮਰੀਕੀ ਵਿਅਕਤੀ ਨੇ ਦਰਜਨਾਂ ਕੈਨੇਡੀਅਨਾਂ ਨਾਲ ਕੀਤੀ ਧੋਖਾਧੜੀ

ਓਨਟਾਰੀਓ, 25 ਜੁਲਾਈ (ਪੋਸਟ ਬਿਊਰੋ) : ਇੱਕ ਟੈਲੀਮਾਰਕਿਟਿੰਗ ਸਕੀਮ ਰਾਹੀਂ ਕਈ ਵਿਅਕਤੀਆਂ ਨੂੰ ਲੁੱਟਣ ਵਾਲੇ ਅਮਰੀਕੀ ਵਿਅਕਤੀ ਨੂੰ 20 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜਿਨ੍ਹਾਂ ਵਿਅਕਤੀਆਂ ਨਾਲ ਧੋਖਾਧੜੀ ਹੋਈ ਉਨ੍ਹਾਂ ਵਿੱਚ ਦਰਜਨਾਂ ਕੈਨੇਡੀਅਨ ਵੀ ਸ਼ਾਮਲ ਹਨ।

ਡਿਸਟ੍ਰਿਕਟ ਆਫ ਨੇਵਾਡਾ ਲਈ ਅਮਰੀਕਾ ਦੇ ਅਟਾਰਨੀ ਆਫਿਸ ਨੇ ਦੱਸਿਆ ਕਿ ਇੱਕ ਦਹਾਕੇ ਤੱਕ ਚੱਲੀ ਇਸ ਸਕੀਮ ਤਹਿਤ ਅੰਦਾਜ਼ਨ 58 ਕੈਨੇਡੀਅਨਾਂ ਨਾਲ 21,710 ਅਮਰੀਕੀ ਡਾਲਰ ਦੀ ਧੋਖਾਧੜੀ ਕੀਤੀ ਗਈ। ਜਿਨ੍ਹਾਂ ਕੈਨੇਡੀਅਨਾਂ ਨਾਲ ਧੋਖਾਧੜੀ ਹੋਈ ਉਹ ਓਨਟਾਰੀਓ, ਮੈਨੀਟੋਬਾ, ਅਲਬਰਟਾ, ਬੀਸੀ, ਸਸਕੈਚਵਨ, ਨਿਊ ਬਰੰਜ਼ਵਿੱਕ ਤੇ ਕਿਊਬਿਕ ਤੋਂ ਹਨ।

60 ਸਾਲਾ ਮਾਈਕਲ ਕਰੋਗਰ ਨੂੰ ਮੇਲ ਰਾਹੀਂ ਧੋਖਾਧੜੀ ਕਰਨ ਤੇ ਆਨਲਾਈਨ ਕ੍ਰਾਈਮ ਦੀ ਸਾਜ਼ਿਸ਼ ਰਚਨ ਲਈ ਕਸੂਰਵਾਰ ਪਾਇਆ ਗਿਆ। ਉਸ ਨੇ ਜਿਨ੍ਹਾਂ ਲੋਕਾਂ ਨੂੰ ਇਸ ਸਕੀਮ ਰਾਹੀਂ ਆਪਣਾ ਸ਼ਿਕਾਰ ਬਣਾਇਆ ਉਨ੍ਹਾਂ ਤੋਂ

***20 ਮਹੀਨੇ ਦੀ ਹੋਈ ਸਜ਼ਾ**



780,000 ਡਾਲਰ ਤੋਂ ਵੀ ਵੱਧ ਅਮਰੀਕੀ ਡਾਲਰ ਲੁੱਟੇ। ਜੱਜ ਨੇ ਆਖਿਆ ਕਿ ਕਰੋਗਰ ਨੇ ਆਪਣੀ ਇਸ ਭੂਮਿਕਾ ਲਈ ਕਦੇ ਵੀ ਪਛਤਾਵਾ ਨਹੀਂ ਕੀਤਾ। ਜੱਜ ਨੇ ਉਸ ਨੂੰ 212,000 ਡਾਲਰ ਮੁੜ ਭੁਗਤਾਨ ਕਰਨ ਲਈ ਆਖਿਆ।

ਅਦਾਲਤ ਵਿੱਚ ਦਾਇਰ ਕਰਵਾਏ ਗਏ ਦਸਤਾਵੇਜ਼ਾਂ ਅਨੁਸਾਰ ਕਰੋਗਰ ਨੇ ਉਨ੍ਹਾਂ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾਇਆ ਜਿਹੜੇ ਆਪਣੇ ਟਾਈਮਸ਼ੇਅਰਜ਼ ਵੇਚਣਾ ਚਾਹੁੰਦੇ ਸਨ। ਟਾਈਮਸ਼ੇਅਰਜ਼ ਦੇ ਮਾਲਕਾਂ ਨੂੰ ਆਕਰਸ਼ਿਤ ਕਰਨ ਲਈ ਜਾਅਲੀ ਕੰਪਨੀਆਂ ਦੇ ਜਾਅਲੀ ਕਾਂਟਰੈਕਟ ਤਿਆਰ ਕਰਵਾਕੇ ਲੋਕਾਂ ਨੂੰ ਠੱਗਿਆ ਗਿਆ ਤੇ ਉਨ੍ਹਾਂ ਤੋਂ ਦਸਤਾਵੇਜ਼ਾਂ ਦੀ ਪ੍ਰਕਿਰਿਆ ਪੂਰੀ ਕਰਵਾਉਣ ਲਈ ਫੀਸ ਵਸੂਲੀ ਗਈ। ਪਰ ਇਹ ਪੈਸਾ ਕਦੇ ਵੀ ਸ਼ੇਅਰਜ਼ ਦੀ ਵਿੱਕਰੀ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਨਹੀਂ ਵਰਤਿਆ ਗਿਆ। ਨਾ ਹੀ ਕਦੇ ਕੋਈ ਟਾਈਮਸ਼ੇਅਰ ਵੇਚੇ ਗਏ। ਪ੍ਰੌਸੀਕਿਊਟਰਜ਼ ਨੇ ਦੱਸਿਆ ਕਿ ਕਰੋਗਰ ਤੇ ਉਸ ਦੀ ਸਾਥੀ ਮਿਸ਼ੇਲ ਪਾਓਨੈੱਸਾ ਨੇ ਸਾਰਾ ਪੈਸਾ ਹੜੱਪ ਲਿਆ ਤੇ ਜਾਂ ਫਿਰ ਸਕੀਮ ਨੂੰ ਅੱਗੇ ਵਧਾਉਣ ਵਿੱਚ ਲਾਇਆ।

ਅਟਾਰਨੀ ਆਫਿਸ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਇਸ ਤੋਂ ਪਹਿਲਾਂ ਕੀ ਪੀੜਤ ਵਿਅਕਤੀ ਪੁਲਿਸ ਨੂੰ ਜਾਂ ਬੈਟਰ ਬਿਜ਼ਨਸ ਬਿਊਰੋ ਨੂੰ ਇਸ ਤਰ੍ਹਾਂ ਦੀ ਘਪਲੇਬਾਜ਼ੀ ਬਾਰੇ ਦੱਸਦੇ, ਕਰੋਗਰ ਤੇ ਪਾਓਨੈੱਸਾ ਨੇ ਇਹ ਕੰਮ ਛੱਡ ਕੇ ਨਵਾਂ ਬਿਜ਼ਨਸ ਖੜ੍ਹਾ ਕਰਕੇ ਲੋਕਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਇਹ ਵੀ ਦੱਸਿਆ ਗਿਆ ਕਿ ਅੰਦਾਜ਼ਨ 29 ਜਾਅਲੀ ਕੰਪਨੀਆਂ ਖੜ੍ਹੀਆਂ ਕੀਤੀਆਂ ਗਈਆਂ। ਪਾਓਨੈੱਸਾ ਨੂੰ ਵੀ ਕਸੂਰਵਾਰ ਠਹਿਰਾਇਆ ਗਿਆ ਹੈ। ਉਸ ਨੂੰ ਅਗਲੇ ਮਹੀਨੇ ਸਜ਼ਾ ਸੁਣਾਏ ਜਾਣ ਦੀ ਸੰਭਾਵਨਾ ਹੈ ਤੇ ਉਸ ਨੂੰ 20 ਸਾਲ ਦੀ ਸਜ਼ਾ ਹੋ ਸਕਦੀ ਹੈ।

## ਕਰਜ਼ੇ ਦੇ ਕਾਰਨ ਇਕ ਹੋਰ ਕਿਸਾਨ ਵੱਲੋਂ ਖੁਦਕੁਸ਼ੀ

ਜਲੰਧਰ, 25 ਜੁਲਾਈ (ਪੋਸਟ ਬਿਊਰੋ)- ਕਰਜ਼ੇ ਦੇ ਦੈਂਤ ਨੇ ਕੱਲ੍ਹ ਇਕ ਹੋਰ ਕਿਸਾਨ ਨੂੰ ਨਿਗਲ ਲਿਆ। ਮ੍ਰਿਤਕ ਕਿਸਾਨ ਦੀ ਪਛਾਣ ਸੁਖਦੇਵ ਸਿੰਘ ਪੁੱਤਰ ਨਿਮਲ ਸਿੰਘ ਵਾਸੀ ਔਜਲਾ ਢੱਕ ਥਾਣਾ ਗੁਰਾਇਆ ਵਜੋਂ ਹੋਈ ਹੈ।

ਮ੍ਰਿਤਕ ਸੁਖਦੇਵ ਸਿੰਘ ਦੀ ਧੀ ਤੇ ਪੁੱਤਰ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਬਹਿਰਾਮ ਦੇ ਆੜ੍ਹਤੀਏ ਨੂੰ ਆਪਣੀ ਜਿਨਸ ਵੇਚਦੇ ਰਹੇ ਹਨ ਅਤੇ ਚਾਰ ਸਾਲ ਪਹਿਲਾਂ ਉਨ੍ਹਾਂ ਨੇ ਆੜ੍ਹਤੀਏ ਸੁਰਿੰਦਰ ਕੁਮਾਰ ਉਰਫ ਪਿੰਕੀ ਵਾਸੀ ਬੰਗਾ ਕੋਲੋਂ ਤਿੰਨ ਲੱਖ ਰੁਪਏ ਕਰਜ਼ੇ ਵਜੋਂ ਲਏ ਸਨ। ਆੜ੍ਹਤੀਏ ਨੇ ਉਸ ਰਕਮ 'ਤੇ ਵਿਆਜ-ਦਰ-ਵਿਆਜ ਲਾ ਕੇ 11 ਲੱਖ ਰੁਪਏ ਦੀ ਰਕਮ ਬਣਾ ਦਿੱਤੀ। ਕਿਸਾਨ ਵੱਲੋਂ ਕਰਜ਼ਾ ਨਾ ਮੋੜਨ ਕਰਕੇ ਆੜ੍ਹਤੀ ਨੇ ਬੀਤੇ ਦਿਨੀਂ ਫਿਲੌਰ ਅਦਾਲਤ 'ਚ ਮੁਕ-ਦਮਾ ਦਾਇਰ ਕਰਵਾ ਕੇ ਸੁਖਦੇਵ ਸਿੰਘ ਦੇ ਸੰਮਨ ਕਢਵਾ ਦਿੱਤੇ। 22 ਜੁਲਾਈ ਨੂੰ ਆੜ੍ਹਤੀ ਸੁਰਿੰਦਰ ਕੁਮਾਰ ਉਨ੍ਹਾਂ ਦੇ ਘਰ ਆਇਆ ਅਤੇ ਸੁਖਦੇਵ ਸਿੰਘ ਦੀ ਬੇਇੱਜ਼ਤੀ ਕੀਤੀ ਅਤੇ ਧਮਕੀ ਦਿੱਤੀ ਕਿ ਜੇ ਉਹ ਕਰਜ਼ਾ ਨਹੀਂ ਮੋੜ ਸਕਦੇ ਤਾਂ ਉਹ ਜ਼ਮੀਨ ਕੁਰਕ ਕਰਵਾ ਦੇਵੇਗਾ। ਮ੍ਰਿਤਕ ਦੀ ਪਤਨੀ ਨੇ ਦੱਸਿਆ ਕਿ ਉਹ ਆਪਣੀ ਧੀ ਨਾਲ ਘਰ ਦੀ ਛੱਤ 'ਤੇ ਰੋਟੀ ਪਕਾ ਰਹੀ ਸੀ। ਜਦੋਂ ਉਹ ਥੱਲੇ ਆਈਆਂ ਤਾਂ ਸੁਖਦੇਵ ਸਿੰਘ ਨੇ ਪੱਖੇ ਨਾਲ ਲਟਕ ਰਿਹਾ ਸੀ। ਉਨ੍ਹਾਂ ਨੇ ਇਸ ਦੀ ਸੂਚਨਾ ਪੁਲਸ ਤੇ ਪਿੰਡ ਦੇ ਮੋਹਤਬਰਾਂ ਨੂੰ ਦਿੱਤੀ। ਥਾਣਾ ਗੁਰਾਇਆ ਦੇ ਐਸ ਐਚ ਓ ਕੇਵਲ ਸਿੰਘ ਪੁਲਸ ਪਾਰਟੀ ਨਾਲ ਮੌਕੇ 'ਤੇ ਪੁੱਜੇ। ਪਰਵਾਰਕ ਮੈਂਬਰਾਂ ਨੇ ਦੋਸ਼ ਲਾਇਆ ਕਿ ਉਨ੍ਹਾਂ ਵੱਲੋਂ ਕਰਜ਼ਾ ਨਾ ਮੋੜੇ ਜਾਣ ਕਾਰਨ ਆੜ੍ਹਤੀ ਨੇ ਬੇਇੱਜ਼ਤ ਕੀਤਾ ਸੀ, ਜਿਸ ਕਾਰਨ ਨਮੋਸ਼ੀ 'ਚ ਆਏ ਸੁਖਦੇਵ ਸਿੰਘ ਨੇ ਪੱਖੇ ਨਾਲ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ।

ਆੜ੍ਹਤੀ ਸੁਰਿੰਦਰ ਕੁਮਾਰ ਪਿੰਕੀ ਦਾ ਕਹਿਣਾ ਹੈ ਕਿ ਕਈ ਸਾਲ ਪਹਿਲਾਂ ਸੁਖਦੇਵ ਸਿੰਘ ਨੇ ਉਨ੍ਹਾਂ ਕੋਲੋਂ ਕਰਜ਼ਾ ਲਿਆ ਸੀ। ਉਸ ਵੇਲੇ ਤੋਂ ਸੁਖਦੇਵ ਸਿੰਘ ਨੇ ਕਰਜ਼ੇ ਦੀ ਰਕਮ ਨਹੀਂ ਮੋੜੀ, ਜਿਸ ਕਰਕੇ ਵਿਆਜ ਪੈਣ ਨਾਲ ਰਕਮ ਕਾਫੀ ਹੋ ਚੁੱਕੀ ਹੈ।

## ਦੋ ਸਾਲਾ ਬੱਚੀ ਲਈ ਜਾਰੀ ਐਂਬਰ ਐਲਰਟ ਕੀਤਾ ਗਿਆ ਰੱਦ



ਓਨਟਾਰੀਓ, 25 ਜੁਲਾਈ (ਪੋਸਟ ਬਿਊਰੋ) : ਬਰੈਂਟਫੋਰਡ, ਓਨਟਾਰੀਓ ਵਿੱਚ ਇੱਕ ਦੋ ਸਾਲਾ ਬੱਚੀ ਦੇ ਲਾਪਤਾ ਹੋਣ ਤੋਂ ਬਾਅਦ ਓਪੀਪੀ ਵੱਲੋਂ ਜਾਰੀ ਐਂਬਰ ਐਲਰਟ ਨੂੰ ਉਸ ਸਮੇਂ ਕੈਂਸਲ ਕਰ ਦਿੱਤਾ ਗਿਆ ਜਦੋਂ ਉਹ ਬੱਚੀ ਲੱਭ ਗਈ।

ਉਹ ਆਪਣੇ ਪਿਤਾ ਸ਼ਾਅਨ ਮੈਕਮੈਨਸ ਨਾਲ ਬਿਲਕੁਲ ਸੁਰੱਖਿਅਤ ਪਾਈ ਗਈ। ਪਹਿਲਾਂ ਉਸ ਉੱਤੇ ਹੀ ਉਸ ਨੂੰ ਅਗਵਾ ਕਰਨ ਦਾ ਸ਼ੱਕ ਕੀਤਾ ਜਾ ਰਿਹਾ ਸੀ। ਬ੍ਰੈਂਟਫੋਰਡ ਪੁਲਿਸ ਨੇ ਉਨ੍ਹਾਂ ਦੋਵਾਂ ਨੂੰ ਆਖਰੀ ਵਾਰੀ ਵੀਰਵਾਰ ਨੂੰ ਰਾਤੀਂ 12:18 ਵਜੇ ਵੇਖਣ ਦਾ ਦਾਅਵਾ ਕੀਤਾ ਸੀ।

ਜਿਸ ਗੱਡੀ ਵਿੱਚ ਦੋਵਾਂ ਨੂੰ ਵੇਖਿਆ ਗਿਆ ਸੀ ਉਸ ਵਿੱਚ ਦੋ ਬਾਲਗ ਮਹਿਲਾਵਾਂ ਵੀ ਸਨ। ਕਾਰ ਨੂੰ ਹੈਮਿਲਟਨ ਪੁਲਿਸ ਵੱਲੋਂ ਲੋਕੇਟ ਕੀਤਾ ਗਿਆ ਸੀ ਪਰ ਦੋਵੇਂ ਗਾਇਬ ਸਨ। ਸਵੇਰੇ 4:15 ਉੱਤੇ ਇਹ ਐਲਰਟ ਕੈਂਸਲ ਕਰ ਦਿੱਤਾ ਗਿਆ।

## ਹਾਈ ਵੋਲਟੇਜ ਤਾਰਾਂ ਡਿੱਗਣ ਨਾਲ ਲੱਗੀ ਅੱਗ ਕਾਰਨ ਡਰਾਈਵਰ ਦੀ ਮੌਤ

ਜਲੰਧਰ, 25 ਜੁਲਾਈ (ਪੋਸਟ ਬਿਊਰੋ)- ਥਾਣਾ ਸਦਰ ਦੀ ਹੱਦ ਵਿਚਲੇ ਪਿੰਡ ਅਲੀਪੁਰ 'ਚ ਰਾਜਸਥਾਨ ਤੋਂ ਸੀਮਿੰਟ ਭਰ ਕੇ ਸਮਸਤਪੁਰ ਜਾ ਰਹੇ ਟਰਾਲੇ 'ਤੇ ਬਿਜਲੀ ਦੀਆਂ ਹਾਈ ਵੋਲਟੇਜ ਤਾਰਾਂ ਡਿੱਗਣ ਨਾਲ ਅੱਗ ਲੱਗ ਗਈ, ਜਿਸ ਨਾਲ ਟਰਾਲਾ ਚਲਾ ਰਹੇ ਡਰਾਈਵਰ ਦੀ ਸੜਨ ਨਾਲ ਮੌਤ ਹੋ ਗਈ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਆਣ ਕੇ ਅੱਗ ਉੱਤੇ ਕਾਬੂ ਪਾਇਆ, ਪਰ ਤਦ ਤੱਕ ਡਰਾਈਵਰ ਦੀ ਮੌਤ ਹੋ ਚੁੱਕੀ ਸੀ।

ਮਿਲੀ ਜਾਣਕਾਰੀ ਅਨੁਸਾਰ ਰਾਜਸਥਾਨ ਦੇ ਹਨੂੰਮਾਨਗੜ੍ਹ ਤੋਂ ਗੁਰਦੱਤ ਪੁੱਤਰ ਸਾਜਨ ਰਾਮ ਵਾਸੀ ਰਾਜਸਥਾਨ ਆਪਣੇ ਟਰਾਲੇ ਵਿੱਚ ਸੀਮਿੰਟ ਲੱਦ ਕੇ ਜਲੰਧਰ ਦੇ ਸਮਸਤੀਪੁਰ ਵੱਲ ਜਾ ਰਿਹਾ ਸੀ। ਉਹ ਗਲਤੀ ਨਾਲ ਅਲੀਪੁਰ ਵਾਲੀ ਰੋਡ ਉੱਤੇ ਪੈ ਗਿਆ। ਅਲੀਪੁਰ ਵਿੱਚ ਬਿਜਲੀ ਦੀਆਂ ਹਾਈ ਵੋਲਟੇਜ ਤਾਰਾਂ ਹੇਠਾਂ ਲਟਕ ਰਹੀਆਂ ਸਨ, ਜਿਹੜੀਆਂ ਟਰਾਲੇ ਦੇ ਅਗਲੇ ਹਿੱਸੇ ਨਾਲ ਲੱਗ ਜਾਣ ਕਾਰਨ ਟਰਾਲੇ ਦੇ ਅਗਲੇ ਹਿੱਸੇ ਨੂੰ ਅੱਗ ਲੱਗ ਕੇ ਇੰਨੀ ਜਲਦੀ ਭੜਕੀ ਕਿ ਗੁਰੂਦੱਤ ਨੂੰ ਅੰਦਰੋਂ ਨਿਕਲਣ ਦਾ ਵੀ ਸਮਾਂ ਨਹੀਂ ਮਿਲਿਆ, ਜਿਸ ਨਾਲ ਉਹ ਸੜ ਕੇ ਮਾਰਿਆ ਗਿਆ। ਇਸ ਦੀ ਸੂਚਨਾ ਮਿਲਦੇ ਸਾਰ ਏ ਐਸ ਆਈ ਸੁਰਿੰਦਰਪਾਲ ਸਿੰਘ ਮੌਕੇ 'ਤੇ ਪਹੁੰਚੇ ਅਤੇ ਫਾਇਰ ਬ੍ਰਿਗੇਡ ਨੂੰ ਸੱਦਿਆ। ਫਾਇਰ ਬ੍ਰਿਗੇਡ ਟੀਮ ਨੇ ਜਦ ਤੱਕ ਮੌਕੇ 'ਤੇ ਪਹੁੰਚ ਕੇ ਅੱਗ ਬੁਝਾਈ, ਤਦ ਤੱਕ ਗੁਰੂਦੱਤ ਦਾ ਸਿਰਫ ਪਿੰਜਰ ਹੀ ਕੈਬਨ ਵਿੱਚ ਬਚਿਆ ਸੀ

## ਸਾਫਟ ਤੇ ਗਲੋਇੰਗ ਸਕਿਨ ਦੇ ਲਈ ਥੱਪੜ ਨੂੰ ਕਹਿੰਦੇ ਹਨ ਸਲੈਪ ਥੈਰੇਪੀ

ਨਵੀਂ ਦਿੱਲੀ, 25 ਜੁਲਾਈ (ਪੋਸਟ ਬਿਊਰੋ)- ਖੂਬਸੂਰਤ ਚਮੜੀ ਲਈ ਲੋਕ ਕੀ-ਕੀ ਨਹੀਂ ਕਰਦੇ। ਮਹਿੰਗੇ ਪ੍ਰੋਡਕਸ ਤੋਂ ਲੈ ਕੇ ਕਈ ਤਰ੍ਹਾਂ ਟ੍ਰੀਟਮੈਂਟ ਅਤੇ ਫੇਸ ਪੈਕਸ ਤੱਕ ਇਸਤੇਮਾਲ ਕਰਦੇ ਹਨ। ਅੱਜ ਕੱਲ੍ਹ ਚੰਗੀ ਸਕਿਨ ਲਈ ਇੱਕ ਅਜੀਬ ਟਰੈਂਡ ਸਾਹਮਣੇ ਆਇਆ ਹੈ। ਇਹ ਟ੍ਰੈਂਡ ਹੈ ਖੁਦ ਨੂੰ ਥੱਪੜ ਮਾਰਨ ਦਾ। ਕੀ ਲੋਕ ਗਲੋਇੰਗ ਸਕਿਨ ਲਈ ਖੁਦ ਨੂੰ ਥੱਪੜ ਮਾਰਨ ਲਈ ਤਿਆਰ ਹਨ? ਇਸ ਨੂੰ ਸਲੈਪ ਥੈਰੇਪੀ ਕਹਿੰਦੇ ਹਨ। ਬਿਊਟੀ ਐਕਸਪਰਟਸ ਦਾ ਮੰਨਣਾ ਹੈ ਕਿ ਥੱਪੜ ਨਾਲ ਚਿਹਰੇ ਵਿੱਚ ਬਲੱਡ ਫਲੋਅ ਵਧਦਾ ਹੈ। ਚਿਹਰੇ ਉਤੇ ਕਰੀਮ ਜਾਂ ਮੁਆਇਸ਼ਚੁਰਾਈਜ਼ਰ ਲਾਉਣ ਸਮੇਂ ਵੀ ਇਹੋ ਹੁੰਦਾ ਹੈ। ਐਕਸਪਰਟਸ ਦਾ ਮੰਨਣਾ ਹੈ ਕਿ ਥੱਪੜ ਮਾਰਨਾ ਕੋਲੋਜਨ 'ਤੇ ਵੀ ਕੰਮ ਕਰਦਾ ਹੈ, ਜਿਸ ਨਾਲ ਸਕਿਨ ਨਿਖਰਦੀ ਹੈ। ਥੱਪੜ ਮਾਰਨ ਦਾ ਮਤਲਬ ਖੁਦ ਨੂੰ ਸੱਟ ਪਹੁੰਚਾਉਣ ਤੋਂ ਨਹੀਂ, ਕੇਵਲ ਸਕਿਨ 'ਤੇ ਥੋੜ੍ਹਾ ਪ੍ਰੈਸ਼ਰ ਪਾਉਣਾ ਹੈ, ਜਿਸ ਨਾਲ ਬਲੱਡ ਫਲੋਅ ਵਧੇ। ਜਦ ਲੋਕ ਇਸ ਤਰ੍ਹਾਂ ਕਰਦੇ ਹਨ ਤਾਂ ਸਕਿਨ 'ਤੇ ਤਾਜ਼ਗੀ ਆਵੇਗੀ। ਸਲੈਪਿੰਗ ਥੈਰੇਪੀ ਨਾਲ ਕ੍ਰੀਮ ਤੇ ਆਇਲ ਨੂੰ ਸਕਿਨ ਵਿੱਚ ਐਬਜ਼ਾਰਵ ਹੋਣ ਵਿੱਚ ਮਦਦ ਮਿਲਦੀ ਹੈ। ਇਸ ਨਾਲ ਸਕਿਨ ਸਾਫਟ ਬਣੀ ਰਹਿੰਦੀ ਹੈ। ਕੋਰੀਆ ਅਤੇ ਅਮਰੀਕਾ ਵਿੱਚ ਖੂਬਸੂਰਤ ਸਕਿਨ ਲਈ ਸਲੈਪਿੰਗ ਥੈਰੇਪੀ ਕਾਫੀ ਮਸ਼ਹੂਰ ਹੋ ਰਹੀ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Air Brake Classes
Sat-Sun 8am to 4pm
Counterbalance
Reach Truck
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
- ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
- ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
- ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
- Uric Acid ਤੋਂ ਛੁਟਕਾਰਾ
- ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
- ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
- DEBT CONSOLIDATION
- HOME EQUITY
- LOANS
- HOME RENOVATION
- WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

SherGill Law Firm
Barrister, Solicitor & Notary Public
Services:
- Real Estate
- Family Law
- Residential, Commercial, Franchise
- Affidavit, Power Of Attorney & Notarization
- Criminal Law
- Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

## ਸੀਨੀਅਰ ਬਲੈਕ ਓਕ ਕਲੱਬ ਨੇ ਮਨਾਇਆ ਕੈਨੇਡਾ ਡੇ





ਬੀਤੀ 21 ਜੁਲਾਈ ਨੂੰ ਸੀਨੀਅਰ ਬਲੈਕ ਓਕ ਕਲੱਬ ਵਲੋਂ ਕੈਨੇਡਾ ਡੇ ਮਨਾਇਆ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿਚ ਕੈਨੇਡਾ ਦਾ ਕੌਮੀ ਗੀਤ ਗਾਇਆ ਗਿਆ ਤੇ ਝੰਡਾ ਲਹਿਰਾਇਆ ਗਿਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸਰੂਪ ਗਿੱਲ ਨੂੰ ਸੌਂਪੀ ਗਈ। ਇਸ ਕਲੱਬ ਦੇ ਬਾਨੀ ਤੇ ਸੀਨੀਅਰ ਮੈਬਰ ਸ੍ਰੀ ਕਰਮ ਸਿੰਘ ਰੰਧਾਵਾ, ਸ੍ਰੀ ਸਾਧੂ ਸਿੰਘ ਤੇ ਸ੍ਰੀ ਪ੍ਰੀਤਮ ਸਿੰਘ ਸਿੱਧੂ, ਜੋ ਇਸ ਦੁਨੀਆ ਤੋਂ ਰੁਖਸਤ ਹੋ ਚੁੱਕੇ ਹਨ, ਲਈ 2 ਮਿੰਟ ਦਾ ਮੌਨ ਵੀ ਰੱਖਿਆ ਗਿਆ। ਪ੍ਰੋਗਰਾਮ ਦੌਰਾਨ ਪਕੌੜੇ, ਮਠਿਆਈਆਂ ਤੇ ਚਾਹ ਵੀ ਵਰਤਾਈ ਗਈ। ਕਲੱਬ ਦੇ ਪ੍ਰਧਾਨ ਸ੍ਰੀ ਆਤਮਾ ਸਿੰਘ ਬਰਾੜ ਤੇ ਹੋਰ ਅਹੁਦੇਦਾਰਾਂ ਵਲੋਂ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਗਿਆ ਸੀ।

## ਸਿੱਖ ਆਰਟਸ ਐਂਡ ਕਲਚਰਲ ਐਸੋਸੀਏਸ਼ਨ ਵਲੋ ਕਰਵਾਈ ਗਈ 130 ਮੀਲ ਲੰਬੀ ਚੈਰਿਟੀ ਬਾਈਕ ਰਾਈਡ

ਰਿਪੋਰਟ ਬਿੱਟੂ ਖੰਗੂੜਾ- ਬਰਮਿੰਘਮ ਤੋਂ ਚੱਲਕੇ ਅੱਜ ਸਾਊਥਾਲ ਪਾਰਕ ਵਿਖੇ ਸਮਾਪਤ ਹੋਈ। ਲਗਭਗ ਸੌ ਕੁ ਸਾਈਕਲ ਚਾਲਕਾ ਨੇ 28 ਜੁਲਾਈ ਨੂੰ ਸਵੇਰੇ ਅੱਠ ਵਜੇ ਬਰਮਿੰਘਮ ਦੇ ਸਮੈਦਿਕ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਕਰਕੇ ਕਵੈਂਟਰੀ, ਡਾਵੈਂਟਰੀ, ਅਤੇ ਮਿਲਟਨ ਕੀਨ ਹੁੰਦੇ ਹੋਏ ਰਾਤ ਨੂੰ ਲੂਟਨ ਪਹੁੰਚੇ, ਰਾਤ ਗੁਰਦੁਆਰਾ ਸਾਹਿਬ ਰੁਕਣ ਤੋਂ ਬਾਅਦ 29 ਜੁਲਾਈ ਨੂੰ ਸੇਂਟ ਅਲਬਾਨਜ, ਰੈਡਲੈਟ, ਐਲਸਟਰੀ ਅਤੇ ਹੈਰੋ ਹੁੰਦੇ ਹੋਏ ਸਾਊਥਾਲ ਪਹੁੰਚੇ। ਸਾਰੇ ਰਾਈਡਰ, ਵੋਲੰਟੀਅਰ, ਪ੍ਰਬੰਧਕ ਬਰਾਡਵੇਅ ਤੇ ਡੀ ਜੇ ਲਾਕੇ ਭੰਗੜੇ ਪਾਉਂਦੇ ਹੋਏ ਸਾਊਥਾਲ ਪਾਰਕ ਵਿੱਚ ਗਏ, ਜਿੱਥੇ ਸਾਰੇ ਚਾਲਕਾ ਨੂੰ ਮੈਡਲ ਦੇਕੇ ਸਨਮਾਨਿਤ ਕੀਤਾ ਗਿਆ।

ਸਾਕਾ ਵੱਲੋ ਬੌਬੀ, ਹਾਰਮੀ, ਪਾਲਾ ਤੇ ਦੇਵ ਨੇ ਦੱਸਿਆ ਕਿ ਇਹ ਰਾਈਡ ਪਿਛਲੇ 35 ਵਰਿਆਂ ਤੋਂ ਲਗਾਤਾਰ ਚਲ ਰਹੀ ਹੈ ਤੇ ਹੁਣ ਤੱਕ ਬੱਚਿਆ ਦੀਆਂ ਚੈਰਿਟੀਆਂ ਲਈ ਛੇ ਲੱਖ ਤੋਂ ਵੱਧ ਪਾਉਂਡ ਇੱਕਠੇ ਕੀਤੇ ਜਾ ਚੁੱਕੇ ਹਨ। ਪਿਛਲੇ ਸਾਲ ਬਰਮਿੰਘਮ ਚਿਲਡਰਨ ਹਾਸਪੀਟਲ ਲਈ ਵੀਹ ਹਜਾਰ ਪਾਉਂਡ ਇਕੱਤਰ ਹੋਏ ਸਨ, ਇਸ ਵਾਰ ਦੇ ਦਾਨ ਨਾਲ ਸਾਕਾ ਸਮਾਈਲ ਬੱਸ ਖਰੀਦੀ ਜਾਵੇਗੀ ਜਿਹੜੀ ਕਿ ਡਿਸਬਿਲਟੀ ਚੈਰਿਟੀਜ ਲਈ ਵਰਤੀ ਜਾਵੇਗੀ। ਸਾਰੇ ਹੀ ਹਿੱਸਾ ਲੈਣ ਵਾਲਿਆ ਨੇ ਜਿੱਥੇ ਆਪਣੀ ਸਰੀਰਕ ਤੰਦਰੁਸਤੀ ਦਾ ਪ੍ਰਗਟਾਵਾ ਕੀਤਾ ਉੱਥੇ ਹੀ ਆਪਸ ਵਿੱਚ ਵੀ ਬਹੁਤ ਹੀ ਮਿਲਵਰਤਣ ਨਾਲ ਬੜਾ ਹੀ ਸੋਹਣਾ ਮਾਹੌਲ ਸਿਰਜਿਆ। ਪ੍ਰਬੰਧਕਾ ਵੱਲੋਂ ਸਿਹਤ ਅਤੇ ਸੁਰੱਖਿਆਂ ਦੇ ਬਹੁਤ ਹੀ ਚੰਗੇ ਪ੍ਰਬੰਧ ਸਨ। ਸਿੱਖ ਸੰਗਤਾ ਵੱਲੋ ਹਰ ਜਗਹ ਖਾਣ ਪੀਣ ਦੀ ਬਹੁਤ ਹੀ ਸੇਵਾ ਕੀਤੀ ਗਈ।





## ਸੀਨੀਅਰਜ਼ ਐਸੋਸੀਏਸ਼ਨ ਵਲੋਂ ਸਾਲਾਨਾ ਮਲਟੀਕਲਚਰਲ ਪ੍ਰੋਗਰਾਮ ਲਈ ਖੁਲ੍ਹਾ ਸੱਦਾ

ਹਰਜੀਤ ਬੇਦੀ- ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਆਫ ਬਰੈਂਪਟਨ ਵਲੋਂ ਪਿਛਲੇ ਸਾਲਾਂ ਦੀ ਤਰ੍ਹਾਂ ਸਾਲਾਨਾ ਮਲਟੀਕਲਚਰ ਮੇਲਾ 28 ਜੁਲਾਈ ਦਿਨ ਐਤਵਾਰ ਨੂੰ ਬਰੈਂਪਟਨ ਸ਼ੌਕਰ ਸੈਂਟਰ ਵਿੱਚ 11:00 ਵਜੇ ਤੋਂ 4:00 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਜਿਸ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਪਿਛਲੇ ਐਤਵਾਰ ਪਰੋ-ਗਰਾਮ ਦੀ ਤਿਆਰੀ ਸਬੰਧੀ ਕਾਰਜਕਾਰਣੀ ਕਮੇਟੀ ਦੀ ਮੀਟਿੰਗ ਪਰਮਜੀਤ ਬੜਿੰਗ ਦੀ ਪਰਧਾਨਗੀ ਹੇਠ ਹੋਈ ਜਿਸ ਵਿੱਚ ਕਾਰਜਕਾਰਣੀ ਮੈਂਬਰਾਂ ਨੇ ਪਰੋਗਰਾਮ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਣ ਲਈ ਬਣਾਈਆਂ ਕਮੇਟੀਆਂ ਦੁਆਰਾ ਪਰੋਗਰਾਮ ਦੀ ਹੋ ਚੁੱਕੀ ਤਿਆਰੀ ਦੀ ਰਿਪੋਰਟ ਸਾਂਝੀ ਕੀਤੀ।ਮਿਲੀ ਰਿਪੋਰਟ ਅਨੁਸਾਰ ਕਮੇਟੀਆਂ ਨੇ ਆਪਣੇ ਜਿੰਮੇ ਲੱਗੀਆਂ ਡਿਊਟੀਆਂ ਨਿਭਾਉਣ ਲਈ ਹਰ ਤਰ੍ਹਾਂ ਨਾਲ ਪੂਰੀ ਤਿਆਰੀ ਕਰ ਲਈ ਹੈ। ਰਿਪੋਰਟ ਤੇ ਕਾਰਜਕਾਰਣੀ ਦੁਆਰਾ ਪੂਰੀ ਤਸੱਲੀ ਪਰਗਟ ਕੀਤੀ ਗਈ। ਐਸੋਸੀਏਸ਼ਨ ਵਿੱਚ ਸ਼ਾਮਲ ਕਲੱਬਾਂ ਨੇ ਆਪਣੇ ਮੈਂਬਰਾਂ ਨੂੰ ਪਰੋਗਰਾਮ ਵਿੱਚ ਸ਼ਾਮਲ ਕਰਾਉਣ ਲਈ ਪਰਬੰਧ ਮੁਕੰਮਲ ਕਰ ਲਏ ਹਨ। ਤਿਆਰੀ ਸਬੰਧੀ ਪੇਸ਼ ਰਿਪੋਰਟ ਤੇ ਕਾਰਜਕਾਰਣੀ ਵਲੋਂ ਤਸੱਲੀ ਪਰਗਟ ਕੀਤੀ ਗਈ।

ਐਸੋਸੀਏਸ਼ਨ ਵਲੋਂ ਸਬੰਧਤ ਕਲੱਬਾਂ ਦੇ ਮੈਂਬਰਾਂ ਤੋਂ ਬਿਨਾਂ ਸਮੂਹ ਸੀਨੀਅਰਜ਼ ਨੂੰ ਇਸ ਪਰੋਗਰਾਮ ਵਿੱਚ ਪਹੁੰਚਣ ਲਈ ਖੁੱਲ੍ਹਾ ਸੱਦਾ ਹੈ ਕਿਉਂਕਿ ਐਸੋਸੀਏਸ਼ਨ ਸਮੂਹ ਸੀਨੀਅਰਜ਼ ਦੀ ਭਲਾਈ ਲਈ ਪਰੋਗਰਾਮ ਉਲੀਕਦੀ ਹੈ। ਇਸ ਲਈ ਗੈਰ ਮੈਂਬਰ ਨੂੰ ਇਸ ਵਿੱਚ ਸਾਂਮਲ ਹੋਣ ਤੇ ਉਹਨਾਂ ਦਾ ਸਵਾਗਤ ਕੀਤਾ ਜਾਵੇਗਾ। ਸਾਰੇ ਸੀਨੀਅਰਜ਼ ਨੂੰ ਇਥੇ ਪਹੁੰਚ ਕੇ ਵਿਚਾਰ ਸੁਣਨ ਅਤੇ ਮਨੋਰੰਜਨ ਦਾ ਭਰਪੂਰ ਪਰੋਗਰਾਮ ਵਿੱਚ ਸ਼ਾਮਲ ਹੋਣਾ ਚਾਹੀਦ ਹੈ। ਇਸ ਪਰੋਗਰਾਮ ਵਿੱਚ ਸਿਟੀ, ਪਰੋਵਿੰਸ ਅਤੇ ਫੈਡਰਲ ਨੁਮਾਇੰਦਿਆਂ ਨੂੰ ਸੱਦਾ ਦਿੱਤਾ ਗਿਆ ਹੈ ਤਾਂ ਕਿ ਉਹ ਸੀਨੀਅਰਜ਼ ਦੇ ਮਸਲਿਆਂ ਬਾਰੇ ਜਾਣੂ ਹੋਣ ਤੇ ਸੀਨੀਅਰਜ਼ ਦੀ ਆਵਾਜ਼ ਬਣ ਕੇ ਲੋੜੀਂਦੇ ਉਪਰਾਲੇ ਕਰਨ। ਇਸ ਪਰੋਗਰਾਮ ਵਿੱਚ ਸੰਖੇਪ ਵਿਚਾਰ ਵਟਾਂਦਰੇ ਤੋਂ ਬਿਨਾਂ ਸੀਨੀਅਰਜ਼ ਦੇ ਮਨੋਰੰਜਨ ਲਈ ਲੋਕ ਨਾਚ ਗਿੱਧਾ, ਡਾਂਸ ਅਤੇ ਉੱਚ ਪਾਏ ਦੇ ਗੀਤ ਸੰਗੀਤ ਦਾ ਪਰਬੰਧ ਕੀਤਾ ਗਿਆ ਹੈ। ਚਾਹ ਪਾਣੀ ਦਾ ਖੁਲ੍ਹਾ ਪਰਬੰਧ ਹੋਵੇਗਾ ਜੋ 11:00 ਵਜੇ ਸ਼ੁਰੂ ਹੋ ਕੇ 2:00 ਵਜੇ ਤੱਕ ਚਲਦਾ ਰਹੇਗਾ। ਪਿਛਲੇ ਸਾਲ ਹੋਏ ਇਕੱਠ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਸ ਵਾਰ ਮਹਿਮਾਨਾਂ ਦੇ ਬੈਠਣ ਲਈ ਵਧੇਰੇ ਕੁਰਸੀਆਂ ਦਾ ਪਰਬੰਧ ਕੀਤਾ ਗਿਆ ਹੈ ਤਾਂ ਕਿ ਕਿਸੇ ਨੂੰ ਕੋਈ ਮੁਸ਼ਕਲ ਨਾ ਆਵੇ। ਪਰੋਗਰਾਮ ਨੂੰ ਠੀਕ ਢੰਗ ਨਾਲ ਮਾਣਨ ਲਈ ਪਰਬੰਧਕਾਂ ਵਲੋਂ ਸਮੇਂ ਸਿਰ ਪਹੁੰਚਣ ਦੀ ਪੁਰਜੋਰ ਬੇਨਤੀ ਹੈ।

ਕਿਸੇ ਵੀ ਕਿਸਮ ਦੀ ਜਾਣਕਾਰੀ ਲੈਣ ਲਈ ਪਰਮਜੀਤ ਬੜਿੰਗ 647-963-0331,, ਬਲਵਿੰਦਰ ਬਰਾੜ 647-262-4026, ਨਿਰਮਲ ਧਾਰਨੀ 416-670-5874, ਜੰਗੀਰ ਸਿੰਘ ਸੈਂਭੀ 416-409-0126,ਦੇਵ ਸੂਦ 416-553-0722, ਕਰਤਾਰ ਚਾਹਲ 647-854-8746, ਪਰੀਤਮ ਸਰਾਂ 416-833-0567 ਜਾਂ ਹਰਦਿਆਲ ਸੰਧੂ 647-686-4201 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਟ੍ਰੀਲਾਈਨ ਫ੍ਰੈਂਡਸ ਸੀਨੀਅਰ ਕਲੱਬ ਵੱਲੋਂ ਕੀਤਾ ਗਿਆ ਕੈਨੇਡਾ ਡੇ ਪ੍ਰੋਗਰਾਮ ਦਾ ਆਯੋਜਨ



ਬਰੈਂਪਟਨ- ਬੀਤੀ 7 ਜੁਲਾਈ ਨੂੰ ਟ੍ਰੀਲਾਈਨ ਫ੍ਰੈਂਡਸ ਸੀਨੀਅਰ ਕਲੱਬ ਵੱਲੋਂ ਨਾਰਥ ਪਾਰਕ ਰੋਡ ਸਥਿਤ ਜੇ ਬੀ ਟ੍ਰਾਂਸਪੋਰਟ ਵਿਖੇ ਕਨੇਡਾ ਡੇਅ ਮਨਾਇਆ ਗਿਆ ਜਿਸ ਵਿੱਚ ਭਰਪੂਰ ਮਨੋਰੰਜਨ ਦੇ ਨਾਲ ਹਾਜਰ ਰਾਜਨੀਤਕਾਂ ਦਾ ਸੁਆਗਤ ਕਰਦਿਆਂ ਮੇਅਰ ਪੈਟਰਿਕ ਬਰਾਊਨ ਨੂੰ ਸਨਮਾਨਤ ਕੀਤਾ ਗਿਆ। ਇਨ੍ਹਾਂ ਤੋਂ ਅਲਾਵਾ ਗੁਰਪ੍ਰੀਤ ਢਿੱਲੋਂ,ਬਲਬੀਰ ਸੋਹੀ,ਸੋਨੀਆ ਸਿੱਧੂ ਆਦਿ ਨੇ ਹਾਜਰੀ ਲਵਾ ਲੋਕਾਂ ਨੂੰ ਸੰਬੋਧਤ ਕੀਤਾ। ਸੀਨੀਅਰ ਐਸੋਸੀਏਸ਼ਨ ਵੱਲੋਂ ਬਲਵਿੰਦਰ ਬਰਾੜ ਹੁਰਾਂ ਪਹੁੰਚ ਕੇ ਭਾਈਚਾਰੇ ਨੂੰ ਜੀ ਆਇਆਂ ਕਿਹਾ ਅਤੇ ਐਸੋਸੀਏਸ਼ਨ ਦੁਆਰਾ ਸੀਨੀਅਰਾਂ ਦੀ ਭਲਾਈ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਚਾਨਣਾ ਪਾਇਆ। ਕਲੱਬ ਪ੍ਰਧਾਨ ਲਹਿੰਬਰ ਸਿੰਘ ਅਤੇ ਸੈਕਟਰੀ ਜਗਜੀਤ ਸਿੰਘ ਗਰੇਵਾਲ ਨੇ ਸਭ ਹਾਜਰੀਨ ਦਾ ਧੰਨਵਾਦ ਕਰਦਿਆਂ ਮੇਲੇ ਨੂੰ ਸਫਲ ਬਨਾਉਣ ਵਿੱਚ ਸਰਗਰਮ ਯੋਗਦਾਨ ਪਾਇਆ।

## ਰੋਬਰਟ ਪੋਸਟ ਸੀਨੀਅਰ ਕਲੱਬ ਨੇ ਕੈਨੇਡਾ ਡੇ ਮਨਾਇਆ



ਰਾਬਰਟ ਪੋਸਟ ਸੀਨੀਅਰ ਕਲੱਬ ਵਲੋਂ ਬੀਤੇ ਐਤਵਾਰ ਕਲੱਬ ਦੇ ਪਾਰਕ ਵਿਚ ਕੈਨੇਡਾ ਡੇ ਮਨਾਇਆ ਗਿਆ। ਸੀਨਅਰਜ ਸਮੇਤ ਪੰਜਾਬੀ ਪਹਿਰਾਵੇ ਵਿਚ ਵੰਨ ਸੁਵੰਨਤਾ ਨਾਲ ਤਿਆਰ ਹੋ ਕੇ ਬੱਚਿਆਂ ਨਾਲ ਆਈਆਂ ਔਰਤਾਂ ਨੇ ਕੈਨੇਡਾ ਡੇ ਦੇ ਮੇਲੇ ਦਾ ਖੂਬ ਆਨੰਦ ਮਾਣਿਆ। ਸਭ ਤੋਂ ਪਹਿਲਾਂ ਕੈਨੇਡਾ ਦਾ ਕੌਮੀ ਗੀਤ ਗਾਇਆ ਗਿਆ। ਇਸ ਮਗਰੋਂ ਕੈਨੇਡਾ ਦਾ ਕੌਮੀ ਝੰਡਾ ਲਹਿਰਾਉਣ ਦੀ ਰਸਮ ਐਮਪੀ ਅਮਰਜੋਤ ਸੰਧੂ ਤੇ ਐਮਪੀ ਕਮਲ ਖਹਿਰਾ ਨੇ ਅਦਾ ਕੀਤੀ। ਇਸ ਮੇਲੇ ਦੌਰਾਨ ਖਾਣ ਪੀਣ ਦਾ ਖਾਸ ਪ੍ਰਬੰਧ ਸੀ। ਇਸ ਮੌਕੇ ਬੱਚਿਆਂ ਦੇ, ਸੀਨੀਅਰਜ਼ ਦੇ ਦੌੜਾਂ ਦੇ ਮੁਕਾਬਲੇ ਹੋਏ। ਇਸ ਮਗਰੋਂ ਸੀਨੀਅਰਜ਼ ਦੇ ਤਾਸ਼ ਖੇਡਣ ਦੇ ਮੁਕਾਬਲੇ ਵੀ ਕਰਵਾਏ ਗਏ। ਜੇਤੂਆਂ ਨੂੰ ਇਨਾਮ ਵੀ ਵੰਡੇ ਗਏ। ਮੇਲੇ ਵਿਚ ਆਏ ਹੋਰ ਕਲੱਬ ਦੇ ਅਹੁਦੇਦਾਰਾਂ ਦਾ ਕਮੇਟੀ ਵਲੋਂ ਸਨਮਾਨ ਕੀਤਾ ਗਿਆ।



## ਫਾਈਨਾਂਸ ਕੰਪਨੀ ਦੇ ਕਾਰਿੰਦੇ ਤੋਂ ਲੁਟੇਰਿਆਂ ਨੇ 1.22 ਲੱਖ ਰੁਪਏ ਲੁੱਟੇ

ਨਕੋਦਰ, 25 ਜੁਲਾਈ (ਪੋਸਟ ਬਿਊਰੋ)- ਥਾਣਾ ਸਦਰ ਨਕੋਦਰ ਦੇ ਪਿੰਡ ਰਸੂਲਪੁਰ ਨੇੜੇ ਮੋਟਰ ਸਾਈਕਲ ਸਵਾਰ ਦੋ ਲੁਟੇਰਿਆਂ ਨੇ ਦਿਨ ਦਿਹਾੜੇ ਫਾਈਨਾਂਸ ਕੰਪਨੀ ਦੇ ਮੁਲਾਜ਼ਮ ਤੋਂ 1.22 ਲੱਖ ਰੁਪਏ ਲੁੱਟ ਲਏ। ਇਸ ਦੀ ਸੂਚਨਾ ਮਿਲਦੇ ਸਾਰ ਏ ਐੱਸ ਪੀ ਨਕੋਦਰ ਵਤਸਲਾ ਗੁਪਤਾ, ਸਦਰ ਥਾਣਾ ਮੁਖੀ ਸਿਕੰਦਰ ਸਿੰਘ, ਚੌਕੀ ਇੰਚਾਰਜ ਉਗੀ ਏ ਐੱਸ ਆਈ ਪਰਮਜੀਤ ਸਿੰਘ ਸਮੇਤ ਪੁਲਸ ਪਾਰਟੀ ਮੌਕੇ 'ਤੇ ਪਹੁੰਚੇ ਅਤੇ ਘਟਨਾ ਦੀ ਜਾਂਚ ਸ਼ੁਰੂ ਕੀਤੀ। ਰਜਿੰਦਰ ਸਿੰਘ ਪੁੱਤਰ ਜਗਰੂਪ ਸਿੰਘ ਵਾਸੀ ਮਨੋਹਰ ਸਿਟੀ ਮੁਕਤਸਰ ਨੇ ਪੁਲਸ ਨੂੰ ਦੱਸਿਆ ਕਿ ਉਹ ਭਾਰਤ ਫਾਈਨਾਂਸ ਕੰਪਨੀ ਜਲੰਧਰ ਵਿੱਚ ਕੰਮ ਕਰਦਾ ਹੈ। ਕੱਲ੍ਹ ਉਹ ਨਕੋਦਰ ਸਾਈਡ ਦੇ ਪਿੰਡਾਂ 'ਚੋਂ ਮੋਟਰ ਸਾਈਕਲ 'ਤੇ ਕੈਸ਼ ਇਕੱਠਾ ਕਰ ਰਿਹਾ ਸੀ ਤਾਂ ਪਿੰਡ ਰਸੂਲਪੁਰ ਨੇੜੇ ਮੋਟਰ ਸਾਈਕਲ ਸਵਾਰ ਦੋ ਲੁਟੇਰੇ ਉਸ ਕੋਲੋਂ 1.22 ਲੱਖ ਰੁਪਏ ਖੋਹ ਕੇ ਲੈ ਗਏ। ਪੁਲਸ ਨੇ ਰਾਜਿੰਦਰ ਸਿੰਘ ਦੇ ਬਿਆਨਾਂ 'ਤੇ ਅਣਪਛਾਤੇ ਲੁਟੇਰਿਆਂ ਖਿਲਾਫ ਕੇਸ ਦਰਜ ਕਰ ਲਿਆ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also



Sponsor Your Family

MacroGlobal Immigration Services Ltd.

Seema Bhayana

ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."

SKYDOME GROUP OF COMPANIES

WE DEAL WITH ALL INSURANCE COMPANIES

MINISTRY APPROVED SALVAGE INSPECTION STATION

Body Centre
Specializing In:
- Collision • Custom Painting
- Mechanical Service
- Frame & Unibody Repair
- Insurance Claims Welcome



Inderjit Singh Lic. Auto Body Technician/Lic. Mec.



Daljit Singh
President

308 Rutherford Road Brampton
905-874-9878

Skydome Emission & Allignment Centre Inc.
210 Rutherford Rd., Brampton
905-450-9878

WE SELL QUALITY USED CARS

STAFFORD TRUCK CENTRE
30 Stafford Dr., Brampton, Tel: 905-460-1414

HEAD OFFICE: 905-874-9878
Tol Free: 1-877-799-9878, www.skydomeauto.ca

Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

HALTON HILLS $129,000




184 Guelph St:Turn Key Operation Busy Location, Excellent Sales And Growing, Brand Name Franchised Pizza Store In Georgetown. Great Sales As Catholic Secondary School At Doorsteps Lots Of Potential. Low Monthly Rent $2,978 Including Tmi & Hst.

MISSISAUGA $99,900



1224 Dundas St W : Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations Recently. Very low rent.

BRAMPTON $199,000



25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Potential Money Making Opportunity, Seating For Up To 10 People.

BRAMPTON $229,000

Photo Not Available

10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

MISSISSAUGA $449,000

Photo Not Available


5100 Erin Mills Pkwy 2E220: Fantastic Franchise Opportunity Of Awaits!! Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable Industrial area. Sales Are 50K / Month

BRAMPTON $499,900

Photo Not Available

Bruce Beer/Williams : Excellent Opportunity For 1st Time Buyers, Investors & New Immigrants. Prime Location In Brampton, House Requires Lots Of Tlc. Make This Gem Yours.

TORONTO $289,000



Kipling/Dixon/401: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest. Close To All Amenities

TORONTO $499,800



Don Mills/Steeles : Live In The Most Sought After Area In A Well Maintained 3 Bedrooms Apartment + Den With All The Conveniences. Best Schools, Arbor Glen Elementary, Highland Secondary & A.Y. Steps To all amenities.

TORONTO $673,800



Lawrence/ Port Union: Well Maintained Recently Renovated 3Br 3Wr, Beautiful House In A Great Location. Huge Kitchen With Brand New Countertop. Walkout To Back Yard, Spacious Bdrms And Mbr With 4 Pc Ensuite. New Laminate In L & D & 3 Brs. Bathrooms Recently Renovated.

BRAMPTON $330,000

SUBWAY eat fresh.

3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

MISSISSAUGA $579,988



Eglinton Ave w/ Creditview : Perfect For Couples & Great Complex For Families With Kids. Beautiful Complex 3 Bed 2 Wash Townhouse In High Demand Area Of East Credit. Low Condo Fees, Spacious Living Room W/Pot Lights Thru Out, Finished Basement.

CALEDON $399,000

Photo Not Available

12612 HIGHWAY 50: Sale Of Business Without Property Bakery


Please call 905-405-8484

BRANTFORD $499,000

Photo Not Available

639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

New Tecumseth $899,800



73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

MISSISSAUGA $635,000



7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

WOODSTOCK $1,125,000



257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019

# ਪੰਜਾਬ ਸਮੇਤ ਸੱਤ ਰਾਜਾਂ ਨੇ ਨਸ਼ਿਆਂ ਦੀ ਰੋਕਥਾਮ ਦੇ ਲਈ ਸਾਂਝੀ ਰਣਨੀਤੀ ਬਣਾਈ

## *ਮੁੱਖ ਮੰਤਰੀਆਂ ਦੀ ਮੀਟਿੰਗ ਵਿੱਚ ਅਹਿਮ ਫੈਸਲੇ

ਚੰਡੀਗੜ੍ਹ, 25 ਜੁਲਾਈ, (ਪੋਸਟ ਬਿਊਰੋ)- ਭਾਰਤ ਦੇ ਸੱਤ ਉੱਤਰੀ ਰਾਜਾਂ ਦੇ ਮੁੱਖ ਮੰਤਰੀਆਂ ਦੀ ਅੱਜ ਏਥੇ ਕੀਤੀ ਗਈ ਦੂਸਰੀ ਸਾਂਝੀ ਕਾਨਫਰੰਸ ਵਿੱਚ ਨਸ਼ਿਆਂ ਦੇ ਵਹਿਣ ਨੂੰ ਕੌਮੀ ਸਮੱਸਿਆ ਮੰਨਦੇ ਹੋਏ ਸਾਂਝਾ ਵਰਕਿੰਗ ਗਰੁੱਪ ਬਣਾਉਣ ਦਾ ਫ਼ੈਸਲਾ ਕੀਤਾ ਹੈ, ਜਿਸ ਵਿਚ ਇਨ੍ਹਾਂਰਾਜਾਂ ਦੇ ਸਿਹਤ ਅਤੇ ਸਮਾਜਕ ਨਿਆਂ ਵਿਭਾਗ ਸ਼ਾਮਲ ਹੋਣਗੇ। ਇਹ ਗਰੁੱਪ ਰਾਜਾਂਵਲੋਂ ਨਸ਼ਿਆਂ ਵਿਰੁੱਧ ਚਲਾਈਆਂ ਜਾਂਦੀਆਂ ਮੁਹਿੰਮਾਂ ਦੇ ਤਜਰਬੇ ਅਤੇ ਯੋਜਨਾਬੰਦੀ ਨੂੰ ਸਾਂਝਾ ਕਰੇਗਾ।




ਅੱਜ ਦੀ ਕਾਨਫ਼ਰੰਸ ਵਿਚ ਸ਼ਾਮਲ ਰਾਜਾਂਦੇ ਮੁੱਖ ਮੰਤਰੀਆਂ ਨੇ ਪਾਕਿ-ਸਤਾਨ, ਅਫ਼ਗਾਨਿਸਤਾਨ, ਨਾਈਜੀਰੀਆ ਤੇ ਹੋਰ ਦੇਸ਼ਾਂਤੋਂ ਆ ਰਹੇ ਨਸ਼ਿਆਂ ਬਾਰੇਦੀ ਸਮੱਸਿਆ ਵਿਰੁਧ ਇਕਜੁਟ ਹੋ ਕੇ ਡਟਣ ਤੇ ਸਾਰੇ ਖਿੱਤੇ ਨੂੰ ਨਸ਼ਾ ਮੁਕਤਕਰਨ ਦਾ ਸੱਦਾ ਦਿੱਤਾ। ਬੈਠਕ ਦੇ ਅੰਤ ਵਿਚ ਸਾਂਝਾ ਬਿਆਨ ਜਾਰੀ ਕਰ ਕੇ ਪੰਜਾਬ, ਰਾਜਸਥਾਨ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਉੱਤਰਾਖੰਡ ਦੇ ਪੰਜ ਮੁੱਖ ਮੰਤਰੀਆਂ ਤੋਂ ਇਲਾਵਾ ਦਿੱਲੀ, ਜੰਮੂ-ਕਸ਼ਮੀਰ ਤੇ ਚੰਡੀਗੜ੍ਹ ਦੇ ਉੱਚ ਅਧਿਕਾਰੀਆਂ ਨੇ ਸਾਰੇ ਖੇਤਰ ਵਿੱਚੋਂ ਨਸ਼ਿਆਂ ਦੀ ਲਾਹਨਤ ਖਤਮ ਕਰਨ ਲਈ ਲਗਾਤਾਰ ਜ਼ੋਰਦਾਰ ਕਦਮ ਚੁੱਕਣ ਦੀ ਸਹਿਮਤੀ ਜ਼ਾਹਰ ਕੀਤੀ ਹੈ। ਇਨ੍ਹਾਂ ਕਦਮਾਂ ਵਿਚ ਰਾਜਾਂ ਦੀਆਂ ਸਰਹੱਦਾਂ ਉੱਤੇ ਸਾਂਝੀ ਕਾਰਵਾਈ ਕਰਨ, ਇਨ੍ਹਾਂਰਾਜਾਂਦੀਸੂਚਨਾ ਸਾਂਝੀ ਕਰਨ ਦੇ ਨਾਲ ਬਿਹਤਰ ਕਾਰਜ ਪ੍ਰਣਾਲੀ ਲਾਗੂ ਕੀਤੀ ਜਾਵੇਗੀ। ਮੁੱਖ ਮੰਤਰੀਆਂ ਦੀ ਇਸ ਕਾਨਫਰੰਸ ਦੌਰਾਨਰਾਜਾਂ ਨੇ ਵੱਡੇ ਪੱਧਰ ਉੱਤੇ ਜਾਗਰੂਕਤਾ ਪ੍ਰੋਗਰਾਮ ਚਲਾਉਣ ਤੇ ਨਸ਼ਿਆਂ ਦੇ ਖਾਤਮੇ ਨੂੰ ਲੋਕ ਲਹਿਰ ਬਣਾਉਣ ਦੇ ਯਤਨ ਕਰਨ ਉੱਤੇ ਸਹਿਮਤੀ ਪ੍ਰਗਟ ਕੀਤੀ ਅਤੇ ਇਸ ਸਮੱਸਿਆ ਨਾਲ ਹੋਰ ਕਾਰਗਰ ਢੰਗ ਨਾਲ ਨਿਪਟਣ ਲਈ ਕੌਮੀ ਡਰੱਗ ਨੀਤੀ ਲਿਆਉਣ ਵਾਸਤੇ ਭਾਰਤ ਸਰਕਾਰ ਉੱਤੇ ਸਾਂਝੇ ਤੌਰ ਉੱਤੇ ਜ਼ੋਰ ਪਾਉਣ ਦੀ ਵੀ ਸਹਿਮਤੀ ਬਣਾਈ ਗਈ ਹੈ।

ਇਸ ਦੌਰਾਨ ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈਵਲੋਂਨਸ਼ਿਆਂ ਦੇ ਅਤਿਵਾਦ ਦੀ ਯੋਜਨਾ ਦੀ ਵਧ ਰਹੀ ਚੁਣੌਤੀ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਨਸ਼ੀਲੇਪਦਾਰਥਾਂ ਦੇ ਵਪਾਰ ਵਾਲਾ ਪੈਸਾ ਪਾਕਿਸਤਾਨ ਵਲੋਂ ਭਾਰਤ ਵਿਚ ਅੱਤਵਾਦੀ ਤੇ ਫੁੱਟ-ਪਾਊ ਕਾਰਵਾਈਆਂ ਲਈ ਵਰਤਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਆਈ ਐਸ ਆਈ ਵਲੋਂ ਕਰਤਾਰਪੁਰ ਲਾਂਘੇ ਵਰਗੇ ਕਦਮਾਂ ਦੌਰਾਨ ਸਿੱਖਾਂ ਦੀਆਂ ਭਾਵਨਾਵਾਂ ਨਾਲ ਖੇਡਿਆ ਜਾ ਰਿਹਾ ਹੈ ਤੇਸਿੱਖਸ ਫਾਰ ਜਸਟਿਸ ਵੱਲੋਂ ਰਿਫਰੈਂਡਮ-2020 ਨਾਲ ਪੰਜਾਬ ਨੂੰ ਅਸਥਿਰ ਕਰਨ ਦੇ ਯਤਨ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚਖਾੜਕੂ ਵਾਰਦਾਤਾਂ ਲਈ ਵਰਤਿਆ ਗਿਆ ਗ੍ਰਨੇਡ ਪਾਕਿਸਤਾਨ ਦੀ ਫ਼ੈਕਟਰੀ ਵਿੱਚ ਬਣਿਆ ਸੀ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਨਸ਼ੀਲੇ ਪਦਾਰਥਾਂ ਵਿਰੁੱਧ ਐਨ ਡੀ ਪੀ ਐਸ ਐਕਟ ਨੂੰ ਮਜ਼ਬੂਤ ਕਰਨ ਦੀ ਲੋੜ ਉੱਤੇਵੀ ਪੂਰੀ ਸਹਿਮਤੀ ਪ੍ਰਗਟਾਈ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਨਸ਼ਿਆਂ ਦੀ ਸਮੱਸਿਆ ਵਿਰੁੱਧ ਵਿਆਪਕ ਸਾਂਝੇ ਪ੍ਰੋਗਰਾਮ ਦਾ ਸੱਦਾ ਦੇਂਦੇ ਹੋਏ ਇਸ ਨੂੰ ਸਿਆਸੀ ਤੋਂ ਵੱਧ ਸਮਾਜਕ ਮੁੱਦਾ ਕਿਹਾ। ਉਨ੍ਹਾਂ ਨੇ ਨਸ਼ਿਆਂ ਦੀ ਸਪਲਾਈ ਲਾਈਨ ਕੱਟਣ ਉੱਤੇ ਜ਼ੋਰ ਦੇਣ ਦੇ ਨਾਲ ਨਸ਼ਾ ਡੀਲਰਾਂ ਅਤੇ ਉਨ੍ਹਾਂ ਦੇ ਜੋਟੀਦਾਰਾਂ ਤੇ ਭਗੌੜਿਆਂ ਉੱਤੇ ਨਿਗਰਾਨੀ ਲਈ ਅੰਤਰਰਾਜੀ ਸੈੱਲ ਫ਼ੋਨ ਵਾਲਾ ਡਾਟਾ ਵਰਤਣ ਦੀ ਗੱਲ ਕਹੀ। ਖੱਟਰ ਨੇ ਅਪਰਾਧੀਆਂ ਦੇ ਅਦਾਲਤਾਂ ਤੋਂ ਛੁੱਟਣ ਨੂੰ ਰੋਕਣ ਲਈ ਜਾਂਚ ਪੜਤਾਲ ਨੂੰ ਮਜ਼ਬੂਤ ਕਰਨਵਾਲਿਆਂ ਲਈ ਸਿਖਲਾਈ ਪ੍ਰੋਗਰਾਮ ਤੇ ਸਖ਼ਤ ਕਾਨੂੰਨ ਦਾ ਸੁਝਾਅ ਪੇਸ਼ ਕੀਤਾ ਅਤੇ ਕਿਹਾ ਕਿ ਹਰਿਆਣਾ ਨੇ ਜਥੇਬੰਦਕ ਅਪਰਾਧਾਂ ਨੂੰ ਰੋਕਣ ਲਈ 'ਹਕੋਕਾ' (ਹਰਿਆਣਾ ਕੰਟਰੋਲ ਆਫ਼ ਆਰਗੇਨਾਈਜ਼ਡ ਕਰਾਈਮ ਐਕਟ) ਪਾਸ ਕਰਨਦੀ ਤਿਆਰੀ ਕਰ ਲਈ ਹੈ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ ਨੇ ਉੱਤਰੀ ਰਾਜਾਂ ਦੀਆਂ ਕੋਸ਼ਿਸ਼ਾਂ ਦੀ ਮਜ਼ਬੂਤੀ ਲਈ ਸਾਂਝੀ ਨੀਤੀਦਾ ਸੱਦਾ ਦਿੱਤਾ। ਉਨ੍ਹਾਂ ਨੇ ਪੰਜਾਬ ਦੇ ਪ੍ਰੋਗਰਾਮ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਸਰਕਾਰ ਆਪਣੇ ਰਾਜ ਵਿਚਇਸ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰੇਗੀ ਅਤੇ ਹਿਮਾਚਲ ਪ੍ਰਦੇਸ਼ ਨਸ਼ਿਆਂ ਨਾਲ ਨਿਪਟਣ ਲਈ 'ਹਕੋਕਾ' ਵਾਂਗ ਆਪਣਾ ਕਰੜਾ ਕਾਨੂੰਨ ਬਾਰੇ ਸੋਚ ਰਿਹਾ ਹੈ।

# ਕੁੰਵਰ ਵਿਜੇ ਪ੍ਰਤਾਪ ਕੇਸ ਵਿੱਚ ਪੰਜਾਬ ਸਰਕਾਰ ਨੇ ਚੋਣ ਕਮਿਸ਼ਨ ਤੋਂ ਮੁਆਫ਼ੀ ਮੰਗ ਲਈ

ਚੰਡੀਗੜ੍ਹ, 25 ਜੁਲਾਈ, (ਪੋਸਟ ਬਿਊਰੋ)-ਪਿਛਲੇ ਮਈ ਵਿੱਚ ਹੋਈਆਂ ਲੋਕ ਸਭਾ ਚੋਣਾਂ ਵੇਲੇਪੰਜਾਬ ਪੁਲਸ ਦੇ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਭੂਮਿਕਾ ਤੋਂ ਛਿੜੇ ਹੋਏ ਵਿਵਾਦ ਬਾਰੇ ਪੰਜਾਬ ਸਰਕਾਰ ਨੇ ਦੇਸ਼ ਦੇ ਚੋਣ ਕਮਿਸ਼ਨ ਤੋਂ ਮੁਆਫੀ ਮੰਗ ਲਈ ਹੈ। ਪੰਜਾਬ ਦੇ ਚੀਫ਼ ਸੈਕਟਰੀ ਕਰਨ ਅਵਤਾਰ ਸਿੰਘ ਨੇ ਚੋਣ ਕਮਿਸ਼ਨ ਨੂੰ ਬਿਨਾਂ ਸ਼ਰਤ ਮੁਆਫ਼ੀ ਦਾ ਪੱਤਰ ਭੇਜਿਆ ਹੈ। ਚੋਣ ਕਮਿਸ਼ਨ ਨੇ ਮੁਆਫ਼ੀ ਨੂੰ ਸਵੀਕਾਰ ਕਰਦੇ ਹੋਏ ਸਖ਼ਤ ਨਰਾਜ਼ਗੀ ਜਤਾਈ ਹੈ।

ਮਿਲੀ ਜਾਣਕਾਰੀ ਅਨੁਸਾਰ ਚੋਣ ਕਮਿਸ਼ਨ ਨੇ ਪੰਜਾਬ ਦੇ ਚੀਫ ਸੈਕਟਰੀ ਨੂੰ ਭੇਜੇ ਪੱਤਰ ਵਿੱਚਕਿਹਾ ਹੈ ਕਿ ਪੰਜਾਬ ਸਰਕਾਰ ਦੇ ਵਿਹਾਰਤੋਂਚੋਣ ਕਮਿਸ਼ਨ ਕਾਫ਼ੀ ਨਾਰਾਜ ਹੈ, ਕਿਉਂਕਿ ਰਾਜ ਸਰਕਾਰ ਨੇ ਵਿਸ਼ੇਸ਼ ਜਾਂਚ ਟੀਮ ਦੇ ਇੱਕ ਮੈਂਬਰ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਕੇਸ ਨੂੰ ਬੜਾ ਗੈਰ-ਜ਼ਿੰਮੇਵਾਰਾਨਾ ਅਤੇ ਘੁਮੰਡੀਢੰਗ ਨਾਲ ਹੈਂਡਲ ਕੀਤਾ ਹੈ। ਚੋਣ ਕਮਿਸ਼ਨ ਨੇ ਕਿਹਾ ਕਿ ਰਾਜ ਸਰਕਾਰ ਇਹ ਯਕੀਨੀ ਕਰੇ ਕਿ ਅਜਿਹੀ ਭੁੱਲ ਫਿਰ ਕਦੇਨਹੀਂ ਹੋਵੇਗੀ। ਕਮਿਸ਼ਨ ਨੇ ਇਸ ਗੱਲ ਉੱਤੇ ਸ਼ੱਕ ਪ੍ਰਗਟ ਕੀਤਾ ਹੈ ਕਿ ਲੋਕਸਭਾ ਚੋਣਾਂ ਵੇਲੇ ਅਧਿਕਾਰੀਆਂ ਨੇ ਇਸ ਕੇਸਬਾਰੇ ਮੁੱਖ ਮੰਤਰੀ ਨੂੰ 'ਬ੍ਰੀਫਿੰਗ' ਦਿੱਤੀ ਵੀ ਸੀ ਜਾਂ ਨਹੀਂ। ਵਰਨਣ ਯੋਗ ਹੈ ਕਿ ਇਸ ਮੁੱਦੇ ਤੋਂ ਵਿਵਾਦ ਛਿੜ ਗਿਆ ਸੀ।

ਪੰਜਾਬ ਪੁਲਸ ਦੇ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਪਿਛਲੀ ਸਰਕਾਰ ਦੇ ਵਕਤ ਹੋਏ ਬਰਗਾੜੀ ਦੇ ਬੇਅਦਬੀ ਕਾਂਡ ਬਾਰੇ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਮੈਂਬਰ ਹਨ। ਲੋਕਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਵਿਰੁੱਧ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ। ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਦੀ ਅਗਵਾਈ ਵਿੱਚ ਅਕਾਲੀ ਆਗੂਆਂ ਦੇ ਵਫ਼ਦ ਨੇ ਚੋਣ ਕਮਿਸ਼ਨ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਸੀ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਆਪਣੀ ਸਰਕਾਰੀ ਪਦਵੀ ਦੀ ਦੁਰਵਰਤੋਂ ਕਰ ਕੇ ਲੋਕ ਸਭਾ ਦੀ ਚੋਣ ਪ੍ਰੀਕਿਰਿਆ ਦੌਰਾਨ ਸਨਸਨੀਖੇਜ਼ ਤੇ ਰਾਜਨੀਤਕ ਕਿਸਮ ਦੀ ਬਿਆਨਬਾਜ਼ੀ ਕਰ ਰਹੇ ਹਨ। ਇਸ ਉੱਤੇ ਚੋਣ ਕਮਿਸ਼ਨ ਨੇ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਐੱਸ ਆਈ ਟੀ ਦੇ ਮੈਂਬਰ ਵਜੋਂ ਚੋਣਾਂ ਦੌਰਾਨ ਤੁਰੰਤ ਲਾਂਭੇ ਕਰਨ ਲਈ ਨਿਰਦੇਸ਼ ਦਿੱਤੇ ਸਨ ਤੇ ਇਸ ਬਾਰੇ ਚੀਫ ਸੈਕਟਰੀ ਦੇ ਪੱਧਰ ਉੱਤੇਚੋਣ ਕਮਿਸ਼ਨ ਨੂੰ 8 ਅਪ੍ਰੈਲ 2019 ਨੂੰ ਭੇਜੀ ਕੰਪਲਾਇੰਸ ਰਿਪੋਰਟ ਵਿੱਚ ਲਿਖਿਆ ਸੀ ਕਿ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਆਈ ਜੀ (ਕ੍ਰਾਈਮ), ਬਿਊਰੋ ਆਫ ਇੰਵੈਸਟੀਗੇਸ਼ਨਸ, ਆਈ ਜੀ ਆਰਗੇਨਾਈਜ਼ਡ ਕ੍ਰਾਈਮ ਕੰਟ੍ਰੋਲ ਯੂਨਿਟ ਤੋਂ ਹਟਾ ਦਿੱਤਾ ਅਤੇ ਆਈ ਜੀ ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਲਾਇਆ ਗਿਆ ਹੈ। ਇਸਵਿੱਚ ਇਹ ਵੀ ਦਰਜ ਸੀ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਚੋਣਾਂ ਨਾਲ ਸਬੰਧਤ ਹਰ ਜ਼ਿੰਮੇਵਾਰੀ ਤੋਂ ਦੂਰ ਰੱਖਿਆ ਗਿਆ ਹੈ। ਇਸ ਪਿੱਛੋਂ ਚੋਣ ਕਮਿਸ਼ਨ ਕੋਲ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਟ੍ਰਾਂਸਫਰ ਆਰਡਰ ਵਾਪਸ ਲੈਣ ਦੇ ਕਈ ਯਾਦ ਪੱਤਰ ਗਏ ਸਨ ਅਤੇ ਮੁੱਖ ਮੰਤਰੀ ਦਫ਼ਤਰ ਨੇ ਵੀ ਚੋਣ ਕਮਿਸ਼ਨ ਨੂੰ ਕੁੰਵਰ ਵਿਜੇ ਪ੍ਰਤਾਪ ਬਾਰੇ ਲਏ ਗਏ ਇਸ ਸਖਤਫ਼ੈਸਲੇ ਦੀ ਸਮੀਖਿਆ ਕਰਨ ਲਈ ਕਿਹਾ ਸੀ।

ਚੋਣਾਂ ਹੋਣ ਦੇ ਬਾਅਦ 4 ਜੂਨ ਨੂੰ ਅਕਾਲੀ ਦਲ ਦੇ ਵਫ਼ਦ ਨੇ ਚੋਣ ਕਮਿਸ਼ਨ ਵਿੱਚਫਿਰ ਸ਼ਿਕਾਇਤ ਕੀਤੀ ਸੀ ਕਿ ਪੰਜਾਬ ਸਰਕਾਰ ਨੇ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਕੇਸ ਵਿੱਚ ਚੋਣ ਕਮਿਸ਼ਨ ਨੂੰ ਗੁੰਮਰਾਹ ਕੀਤਾ ਹੈ, ਕਿਉਂਕਿ ਕੁੰਵਰ ਵਿਜੇ ਪ੍ਰਤਾਪ ਨੂੰ ਕਿਸੇ ਜ਼ਿੰਮੇਵਾਰੀ ਤੋਂਲਾਂਭੇ ਕੀਤਾ ਹੀਨਹੀਂਗਿਆ ਤੇ ਚੋਣ ਕਮਿਸ਼ਨ ਦਾ ਹੁਕਮ ਜਾਰੀ ਹੋਣ ਦੇ ਬਾਵਜੂਦ ਉਹ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਬਣੇ ਰਹੇ ਹਨ। ਅਕਾਲੀ ਦਲ ਨੇ ਦੱਸਿਆ ਸੀ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਟੀਮ ਦੇ ਮੈਂਬਰ ਵਜੋਂ ਬੇਅਦਬੀ ਅਤੇ ਗੋਲੀਕਾਂਡ ਕੇਸ ਦੀ ਚਾਰਜਸ਼ੀਟ ਪੇਸ਼ ਕਰਨ ਦੇ ਨਾਲ ਮੀਡੀਆ ਵਿੱਚ ਬਿਆਨਬਾਜ਼ੀ ਵੀ ਕੀਤੀ ਸੀ। ਚੋਣ ਕਮਿਸ਼ਨ ਨੇ ਇਸ ਕੇਸ ਬਾਰੇ ਪੰਜਾਬ ਸਰਕਾਰ ਕੋਲੋਂ ਜਵਾਬ ਤਲਬ ਕੀਤਾ ਸੀ, ਜਿਸਦੇ ਸੰਬੰਧ ਵਿੱਚ ਪੰਜਾਬ ਦੇ ਚੀਫ਼ ਸੈਕਟਰੀ ਨੇ ਬਿਨਾਂ ਸ਼ਰਤ ਮੁਆਫ਼ੀ ਦੀ ਬੇਨਤੀ ਕਰ ਦਿੱਤੀ ਹੈ।

# ਐਨ ਆਰ ਆਈ ਜੋੜੇ ਦੀ ਕੁੱਟਮਾਰ, ਗਹਿਣੇ ਤੇ ਅੱਠ ਲੱਖ ਰੁਪਏ ਖੋਹੇ ਗਏ

ਬਟਾਲਾ, 25 ਜੁਲਾਈ (ਪੋਸਟ ਬਿਊਰੋ)- ਪੈਸਿਆਂ ਦੀ ਲੈਣ ਦੇਣ ਬਾਰੇ ਚੱਲਦੀ ਪੁਰਾਣੀ ਰੰਜਿਸ਼ ਕਰਕੇ ਪਿੰਡ ਸੰਦਲਪੁਰਾ ਦੇ ਇਕ ਵਿਅਕਤੀ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਇਕ ਐਨ ਆਰ ਆਈ ਜੋੜੇ ਦੀ ਪਹਿਲਾਂ ਕਾਰ ਦੀ ਭੰਨਤੋੜ ਕੀਤੀ ਤੇ ਬਾਅਦ ਵਿੱਚ ਉਨ੍ਹਾਂ ਦੀ ਕੁੱਟਮਾਰ ਕਰਕੇ ਸੋਨੇ ਦੇ ਗਹਿਣੇ ਅਤੇ ਕਾਰ ਵਿੱਚ ਪਏ 10 ਹਜ਼ਾਰ ਯੂਰੋ (ਕਰੀਬ ਅੱਠ ਲੱਖ ਰਪਏ) ਖੋਹ ਕੇ ਫਰਾਰ ਹੋ ਗਏ।



ਥਾਣਾ ਰੰਗੜ ਨੰਗਲ ਦੀ ਪੁਲਸ ਨੇ ਇਸ ਬਾਰੇ 16 ਵਿਅਕਤੀਆਂ ਖਿਲਾਫ ਕੇਸ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ। ਜਾਂਚ ਅਧਿਕਾਰੀ ਏ ਐਸ ਆਈ ਸ਼ਵਿੰਦਰ ਸਿੰਘ ਨੇ ਦੱਸਿਆ ਕਿ ਕੇਸ ਦਾ ਮੁੱਖ ਮੁਲਜ਼ਮ ਰਣਧੀਰ ਸਿੰਘ ਪਿੰਡ ਸੰਦਲਪੁਰ ਦਾ ਭਰਾ ਖੁਸ਼ਵੰਤ ਸਿੰਘ ਵੀ ਆਸਟਰੀਆ ਰਹਿੰਦਾ ਹੈ ਅਤੇ ਤਿੰਨ ਸਾਲ ਪਹਿਲਾਂ ਉਹ ਆਸਟਰੀਆ ਦੇ ਰਹਿਣ ਵਾਲੇ ਮਨਜੀਤ ਸਿੰਘ ਸੰਧੂ ਕੋਲ ਡਰਾਈਵਰ ਵਜੋਂ ਕੰਮ ਕਰਦਾ ਸੀ ਤਾਂ ਉਨ੍ਹਾਂ ਵਿਚਕਾਰ ਪੈਸਿਆਂ ਦੇ ਲੈਣ ਦੇਣ ਬਾਰੇ ਵਿਵਾਦ ਹੋ ਗਿਆ ਸੀ। ਐਨ ਆਰ ਆਈ ਔਰਤ ਦੇ ਮੁਤਾਬਕ ਉਹ ਕੁਝ ਦਿਨ ਪਹਿਲਾਂ ਆਪਣੇ ਪਿੰਡ ਸੇਖਵਾਂ ਆਏ ਹੋਏ ਸਨ ਅਤੇ ਆਪਣੇ ਪਿੰਡ ਤੋਂ ਬਟਾਲਾ ਜਾ ਰਹੇ ਸਨ ਕਿ ਰਣਧੀਰ ਸਿੰਘ ਆਪਣੇ ਕਰੀਬ 15 ਸਾਥੀਆਂ ਨਾਲ ਕਾਰਾਂ 'ਤੇ ਸਵਾਰ ਹੋ ਕੇ ਆਇਆ ਅਤੇ ਉਨ੍ਹਾਂ ਦੀ ਕਾਰ ਦੀ ਭੰਨਤੋੜ ਸ਼ੁਰੂ ਕਰ ਦਿੱਤੀ ਅਤੇ ਉਸ ਦੇ ਪਤੀ ਮਨਜੀਤ ਸਿੰਘ ਸੰਧੂ ਦੀ ਕੁੱਟਮਾਰ ਕੀਤੀ। ਐਨ ਆਰ ਆਈ ਨੇ ਦੱਸਿਆ ਕਿ ਉਕਤ ਹਮਲਾਵਰਾਂ ਨੇ ਹਥਿਆਰਾਂ ਦੀ ਨੋਕ ਉਤੇ ਉਸ ਕੋਲੋਂ ਸੋਨੇ ਦੇ ਗਹਿਣੇ ਅਤੇ 10 ਹਜ਼ਾਰ ਯੂਰੋ ਕਰੀਬ ਅੱਠ ਲੱਖ ਰੁਪਏ ਖੋਹ ਲਏ ਅਤੇ ਫਰਾਰ ਹੋ ਗਏ।

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ




- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

# ਤਿੰਨ ਤਲਾਕ ਬਿੱਲ ਭਖਵੀਂ ਬਹਿਸ ਪਿੱਛੋਂ ਲੋਕ ਸਭਾ ਵਿੱਚ ਪਾਸ

## * ਬਿੱਲ ਦੇ ਪੱਖ ਵਿੱਚ 303 ਅਤੇ ਵਿਰੋਧ ਵਿੱਚ 82 ਵੋਟ ਪਏ

ਨਵੀਂ ਦਿੱਲੀ, 25 ਜੁਲਾਈ, (ਪੋਸਟ ਬਿਊਰੋ)- ਅੱਜਵੀਰਵਾਰ ਨੂੰ ਭਾਰਤੀ ਪਾਰਲੀਮੈਂਟਦੇ ਹੇਠਲੇ ਹਾਊਸ ਲੋਕ ਸਭਾ ਨੇ ਤਿੰਨ ਤਲਾਕ ਵਿਰੋਧੀ ਬਿੱਲ ਪਾਸ ਕਰ ਦਿੱਤਾ ਹੈ।ਸਰਕਾਰ ਵੱਲੋਂ ਪੇਸ਼ ਕੀਤੇ ਗਏ ਇਸ ਬਿੱਲ ਦੇ ਪੱਖ ਵਿਚ 303 ਵੋਟ ਤੇ ਵਿਰੋਧ ਵਿਚ 82 ਵੋਟ ਪਏ ਹਨ। ਤ੍ਰਿਣਮੂਲ ਕਾਂਗਰਸ, ਜਨਤਾ ਦਲ ਯੂ ਅਤੇ ਕਾਂਗਰਸ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਨੇ ਇਸ ਮੌਕੇ ਵੋਟਿੰਗ ਕਰਨ ਦਾ ਬਾਈਕਾਟ ਕਰਦੇ ਹੋਏ ਸਦਨ ਤੋਂ ਵਾਕ ਆਊਟ ਕਰ ਦਿੱਤਾ।



ਇਸ ਦੌਰਾਨ ਲੋਕ ਸਭਾ ਵਿੱਚਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਨੇ ਬਜਟ ਸੈਸ਼ਨ ਨੂੰ 7 ਅਗਸਤ ਤਕ ਵਧਾਏ ਜਾਣ ਦੀ ਮੰਗ ਕੀਤੀ ਤਾਂ ਲੋਕ ਸਭਾ ਸਪੀਕਰ ਓਮ ਬਿਰਲਾ ਦੀ ਇਜਾਜ਼ਤ ਨਾਲ 7 ਅਗਸਤ ਤਕ ਵਧਾ ਦਿੱਤਾ ਗਿਆ ਹੈ। ਨਰਿੰਦਰ ਮੋਦੀ ਸਰਕਾਰ ਦਾ ਕਹਿਣਾ ਹੈ ਕਿ ਇਸ ਸੈਸ਼ਨ ਦੇ ਲਈ 17 ਬਿੱਲ ਪੈਂਡਿੰਗ ਹਨ ਅਤੇ ਕਾਫੀ ਸਰਕਾਰੀ ਕੰਮਕਾਜ ਬਾਕੀ ਰਹਿੰਦਾ ਹੈ। ਪਾਰਲੀਮੈਂਟ ਦਾ ਮੌਜੂਦਾ ਸੈਸ਼ਨ 26 ਜੁਲਾਈ ਨੂੰ ਖ਼ਤਮ ਹੋਣਾ ਸੀ, ਜੋ 7 ਅਗਸਤ ਤਕ ਚੱਲੇਗਾ।

ਅੱਜ ਜਦੋਂ ਤਿੰਨ ਤਲਾਕ ਬਿੱਲ ਲੋਕ ਸਭਾ ਵਿਚ ਪਾਸ ਕੀਤਾ ਤਾਂ ਬਹਿਸਤੋਂ ਬਾਅਦ ਇਸ ਉੱਤੇ ਵੋਟਿੰਗ ਦੇ ਵਕਤ ਮੁਸਲਿਮ ਆਗੂ ਤੇ ਪਾਰਲੀਮੈਂਟ ਮੈਂਬਰ ਅਸਦੁਦੀਨ ਓਵੈਸੀ ਵੱਲੋਂਪੇਸ਼ ਕੀਤੀ ਗਈ ਸੋਧ ਰੱਦ ਕਰ ਦਿੱਤੀ ਗਈ। ਇਸ ਦੇ ਬਾਅਦ ਤਿੰਨ ਤਲਾਕ ਬਿੱਲ ਲੋਕ ਸਭਾ ਵਿੱਚ ਪਾਸ ਹੋ ਗਿਆ। ਇਸ ਦੇ ਪੱਖ ਵਿਚ 303 ਵੋਟ ਅਤੇ ਵਿਰੋਧ ਵਿਚ 82 ਵੋਟ ਪਏ। ਇਹ ਬਿੱਲ ਦੂਸਰੀ ਵਾਰ ਪਾਸ ਕੀਤਾ ਗਿਆ ਹੈ। ਪਹਿਲਾਂ ਇਹ ਪਿਛਲੀ ਲੋਕ ਸਭਾ ਨੇਵੀ ਪਾਸ ਕੀਤਾ ਸੀ, ਪਰ ਓਦੋਂ ਰਾਜ ਸਭਾ ਵਿੱਚ ਪਾਸ ਹੋਣ ਤੋਂ ਰਹਿ ਗਿਆ ਤੇ ਫਿਰ ਉਸ ਲੋਕ ਸਭਾ ਦੀ ਮਿਆਦ ਪੁੱਗ ਜਾਣ ਪਿੱਛੋਂ ਚੋਣਾਂ ਆ ਗਈਆਂ ਤੇ ਨਵੀਂ ਲੋਕ ਸਭਾ ਨੂੰ ਨਵੇਂ ਸਿਰਿਓਂ ਪਾਸ ਕਰਨਾ ਪਿਆ ਹੈ।

ਕੇਂਦਰੀ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਅੱਜ ਇਹ ਬਿੱਲ ਪੇਸ਼ ਕਰਦੇ ਹੋਏ ਕਿਹਾ ਕਿ ਤਿੰਨ ਤਲਾਕ ਮਾਮਲੇ ਵਿੱਚਸੰਬੰਧਤ ਧਿਰ ਕੇਵਲ ਮੁਸਲਿਮ ਔਰਤ ਹੈ, ਮੁਸਲਿਮ ਪਰਸਨਲ ਲਾਅ ਬੋਰਡ ਇਸ ਕੇਸ ਦੀ ਸਟੇਕ ਹੋਲਡਰ ਧਿਰ ਨਹੀਂ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਤੇ ਬੰਗਲਾਦੇਸ਼ ਨੇ ਵੀ ਕਿਹਾ ਹੋਇਆ ਹੈ ਕਿ ਜਿਹੜਾ ਆਦਮੀ ਤਲਾਕ ਦੀ ਪੂਰੀ ਪ੍ਰਕਿਰਿਆ ਦਾ ਪਾਲਣਨਹੀਂ ਕਰੇਗਾ, ਉਸ ਨੂੰ ਜੇਲ੍ਹ ਹੋਵੇਗੀ।ਮੰਤਰੀ ਨੇ ਕਿਹਾ ਕਿ ਦੁਨੀਆ ਦੇ 20 ਇਸਲਾਮਿਕ ਦੇਸ਼ਾਂ ਨੇ ਤਿੰਨ ਤਲਾਕ ਉੱਤੇ ਪਾਬੰਦੀ ਲਾ ਰੱਖੀ ਹੈ ਤਾਂ ਭਾਰਤ ਕਿਉਂਨਹੀਂਲਾ ਸਕਦਾ। ਤਿੰਨ ਤਲਾਕ ਦੇ ਸਭ ਤੋਂਵੱਧਕੇਸ ਉੱਤਰ ਪ੍ਰਦੇਸ਼ ਤੋਂ ਆਏ ਹਨ, ਉਨ੍ਹਾਂ ਨੇ ਕਾਰਵਾਈ ਕੀਤੀ ਹੈ। ਬਾਕੀ ਰਾਜ ਵੀ ਕਰਨ ਅਤੇ ਔਰਤਾਂ ਲਈ ਅੱਗੇ ਵਧਣ।

ਇਸ ਦੌਰਾਨ ਤਿੰਨ ਤਲਾਕ ਬਿੱਲ ਉੱਤੇ ਲੋਕ ਸਭਾ ਵਿਚ ਹੰਗਾਮਾ ਹੋ ਗਿਆ। ਆਲ ਇੰਡੀਆ ਮੁਸਲਿਮ ਇਤਹਾਦੁਲ ਮੁਸਲਮੀਨ ਦੇ ਨੇਤਾ ਅਤੇ ਪਾਰਲੀਮੈਂਟ ਮੈਂਬਰ ਅਸਦੁਦੀਨ ਓਵੈਸੀ ਨੇ ਕਿਹਾ ਕਿ ਬਿੱਲ ਵਿਚ ਤੁਸੀਂ ਕਹਿੰਦੇ ਹੋ ਕਿ ਜੇ ਕਿਸੇ ਪਤੀ ਨੇ ਪਤਨੀ ਨੂੰ ਤਿੰਨ ਵਾਰ ਤਲਾਕ ਕਹਿ ਦਿੱਤਾ ਤਾਂ ਵਿਆਹ ਨਹੀਂ ਟੁੱਟਦਾ, ਸੁਪਰੀਮ ਕੋਰਟ ਦਾ ਫ਼ੈਸਲਾ ਵੀ ਇਹੋ ਕਹਿ ਰਿਹਾ ਹੈ, ਫਿਰ ਤੁਸੀਂ ਇਹ ਕਿਵੇਂ ਕਹਿੰਦੇ ਹੋ ਕਿ ਤਿੰਨ ਤਲਾਕ ਔਰਤਾਂ ਦੇ ਵਿਰੁਧ ਹੈ। ਜਦੋਂ ਇਸ ਨਾਲ ਵਿਆਹ ਨਾ ਟੁੱਟ ਸਕਣ ਦੀ ਗੱਲ ਕਹਿੰਦੇ ਹੋ, ਵਿਆਹ ਨਹੀਂ ਟੁੱਟਦਾ ਤਾਂ ਇਹ ਗਲਤ ਕਿਵੇਂ ਹੋਇਆ? ਉਨ੍ਹਾਂ ਕਿਹਾ ਕਿ ਪਤੀ ਨੂੰ ਤਿੰਨ ਸਾਲ ਸਜ਼ਾ ਹੋ ਜਾਵੇ, ਉਹ ਜੇਲ੍ਹ ਵਿਚ ਰਹੇ ਤੇ ਔਰਤ ਤਿੰਨ ਸਾਲ ਉਡੀਕ ਕਰਦੀ ਰਹੇਗੀ। ਓਵੈਸੀ ਨੇ ਕਿਹਾ ਕਿ ਤੁਸੀਂ ਵਿਵਸਥਾ ਕਾਇਮ ਕਰੋ ਕਿ ਜੇ ਕੋਈ ਟ੍ਰਿਪਲ ਤਲਾਕ ਦਿੰਦਾ ਹੈ ਤਾਂ ਮੇਹਰ ਦੀ ਰਕਮ ਦਾ ਪੰਜ ਗੁਣਾ ਉਸ ਨੂੰ ਭਰਨੀ ਪਵੇ। ਭਾਜਪਾ ਦੀ ਸਹਿਯੋਗੀ ਜਨਤਾ ਦਲ ਯੂ ਨੇ ਇਸ ਬਿੱਲ ਦਾ ਵਿਰੋਧ ਕੀਤਾ ਅਤੇ ਇਸ ਦੇ ਨੇਤਾ ਲੱਲਨ ਸਿੰਘ ਨੇ ਕਿਹਾ ਕਿ ਵਿਵਾਦ ਵਾਲੇ ਮੁੱਦਿਆਂ ਉੱਤੇ ਉਨ੍ਹਾਂ ਦੀ ਪਾਰਟੀ ਐੱਨ ਡੀਏ ਗੱਠਜੋੜ ਦੇ ਨਾਲ ਨਹੀਂਚੱਲ ਸਕਦੀ।ਕਾਂਗਰਸੀਪਾਰਲੀਮੈਂਟ ਮੈਂਬਰ ਗੌਰਵ ਗੋਗੋਈ ਨੇ ਤਿੰਨ ਤਲਾਕ ਬਿੱਲ ਉੱਤੇ ਕਿਹਾ ਕਿ ਕੀ ਸਟੈਂਡਿੰਗ ਕਮਿਟੀ ਵਿਚ ਬਿੱਲ ਭੇਜਣ ਲਈ ਸਾਡੇ ਵੱਲੋਂ ਮੰਗ ਕਰਨਾ ਵੀ ਮੁਸਲਿਮ ਔਰਤਾਂ ਵਿਰੁਧ ਕਿਹਾ ਜਾ ਰਿਹਾ ਹੈ, ਬਿੱਲ ਬਾਰੇ ਮੁਸਲਿਮ ਸੰਗਠਨਾਂ ਨਾਲ ਵੀ ਵਿਚਾਰ ਕਰਨ ਦੀ ਲੋੜ ਹੈ।

ਇਸ ਤੋਂ ਪਹਿਲਾਂ ਕਾਨੂੰਨ ਅਤੇ ਨਿਆਂ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਕਿਹਾ ਸੀ ਕਿ ਤਿੰਨ ਤਲਾਕ ਉੱਤੇ ਰੋਕ ਲਾਏ ਜਾਣ ਬਾਰੇ ਬਿੱਲ ਸਿਆਸਤ, ਧਰਮ, ਫਿਰਕੇ ਦਾ ਮੁੱਦਾਨਹੀਂ, ਨਾਰੀ ਦੇ ਆਦਰ ਤੇ ਨਾਰੀ ਨਿਆਂ ਦਾ ਸਵਾਲ ਹੈ ਤੇ ਭਾਰਤ ਦੀਆਂ ਬੇਟੀਆਂ ਦੇ ਅਧਿਕਾਰਾਂ ਦੀ ਰਾਖੀਲਈ ਇਸ ਦਾ ਸਭ ਨੂੰ ਸਮਰਥਨ ਕਰਨਾ ਚਾਹੀਦਾ ਹੈ। ਉਨ੍ਹਾ ਨੇ ਲੋਕ ਸਭਾ ਵਿਚ ਮੁਸਲਿਮ ਮਹਿਲਾ ਬਿੱਲ ਨੂੰ ਚਰਚਾ ਅਤੇ ਪਾਸ ਕਰਨ ਲਈ ਪੇਸ਼ ਕੀਤਾ ਸੀ, ਜਿਸ ਦੇ ਨਾਲ ਵਿਆਹੀਆਂ ਹੋਈਆਂ ਮੁਸਲਿਮ ਔਰਤਾਂ ਦੇ ਅਧਿਕਾਰਾਂ ਦੀ ਰਾਖੀ ਅਤੇ ਉਨ੍ਹਾਂ ਦੇ ਪਤੀਆਂ ਵੱਲੋਂ ਤਿੰਨ ਵਾਰ ਤਲਾਕ ਬੋਲ ਕੇ ਵਿਆਹ ਤੋੜਨ ਦੇ ਰਿਵਾਜ ਨੂੰ ਫੇਲ੍ਹ ਕਰਨ ਦੀ ਵਿਵਸਥਾ ਕੀਤੀ ਗਈ ਹੈ। ਆਰਐਸਪੀ ਦੇ ਆਗੂ ਐਨ ਕੇ ਪ੍ਰੇਮਚੰਦਰ ਨੇ ਇਸ ਬਿੱਲ ਦਾ ਵਿਰੋਧ ਕਰਦੇ ਹੋਏ ਇਸ ਸਰਕਾਰ ਵੱਲੋਂ ਫਰਵਰੀ ਵਿਚ ਜਾਰੀ ਕੀਤੇ ਆਰਡੀਨੈਂਸ ਦਾ ਵੀ ਵਿਰੋਧ ਕੀਤਾ।


# ਆਜ਼ਮ ਖਾਨ ਵੱਲੋਂ ਭਾਜਪਾ ਐਮ ਪੀ ਰਮਾ ਦੇਵੀ ਬਾਰੇ ਭੱਦੇ ਸ਼ਬਦਾਂ ਤੋਂ ਪਾਰਲੀਮੈਂਟ ਵਿਚ ਹੰਗਾਮਾ

ਨਵੀਂ ਦਿੱਲੀ, 25 ਜੁਲਾਈ (ਪੋਸਟ ਬਿਊਰੋ)- ਸਮਾਜਵਾਦੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਆਜ਼ਮ ਖਾਨ ਦੀ ਲੋਕ ਸਭਾ ਵਿਚ ਇਕ ਟਿਪਣੀ ਤੋਂ ਹੰਗਾਮਾ ਹੋ ਗਿਆ ਤੇ ਮੁਆਫ਼ੀ ਦੀ ਮੰਗ ਹੋਣ ਉੱਤੇ ਉਨ੍ਹਾਂ ਨੂੰ ਬਾਹਰ ਜਾਣਾ ਪੈ ਗਿਆ।

ਪਾਰਲੀਮੈਂਟ ਵਿੱਚ ਚਰਚਾ ਵੇਲੇ ਆਜ਼ਮ ਖਾਨ ਨੇ ਭਾਜਪਾ ਦੀ ਪਾਰਲੀਮੈਂਟ ਮੈਂਬਰ ਰਮਾ ਦੇਵੀ ਬਾਰੇ ਵਿਵਾਦ ਵਾਲਾ ਬਿਆਨ ਓਦੋਂ ਦਿੱਤਾ, ਜਦੋਂ ਰਮਾ ਦੇਵੀ ਸਪੀਕਰ ਦੀ ਕੁਰਸੀ ਉੱਤੇ ਬੈਠੀ ਹੋਈ ਸੀ। ਉਸ ਦੇ ਇਸ ਬਿਆਨ ਨਾਲ ਸਦਨ ਵਿਚ ਮੌਜੂਦ ਭਾਜਪਾ ਪਾਰਲੀਮੈਂਟ ਮੈਂਬਰਾਂ ਨੇ ਉਸ ਤੋਂ ਮੁਆਫ਼ੀ ਦੀ ਮੰਗ ਕੀਤੀ ਤੇ ਪ੍ਰਧਾਨਗੀ ਕਰ ਰਹੀ ਰਮਾ ਦੇਵੀ ਨੇ ਵੀ ਕਿਹਾ ਕਿ ਇਹ ਗੱਲ ਕਰਨ ਦਾ ਕੋਈ ਤਰੀਕਾ ਨਹੀਂ ਹੈ। ਆਜ਼ਮ ਖਾਨ ਇਸ ਨਾਲ ਫਸੇ ਹੋਏ ਜਾਪਣ ਲੱਗੇ ਤਾਂ ਕਹਿਣ ਲੱਗੇ ਕਿ ਉਹ ਉਸ ਦਾ ਆਦਰ ਕਰਦੇ ਹਨ, ਉਹ ਉਨ੍ਹਾਂ ਦੀ ਭੈਣ ਵਾਂਗ ਹੈ। ਇਸ ਦੇ ਬਾਅਦ ਵੀ ਹੰਗਾਮਾ ਚੱਲਦਾ ਰਿਹਾ। ਵਧਦੇ ਹੰਗਾਮੇ ਪਿੱਛੋਂ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਆਜ਼ਮ ਖਾਨ ਦਾ ਇਹ ਬਿਆਨ ਸਦਨ ਦੀ ਕਾਰਵਾਈ ਤੋਂ ਹਟਾ ਦਿੱਤਾ।

ਇਸ ਤੋਂ ਪਹਿਲਾਂ ਆਪਣੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਨੂੰ ਘਿਰ ਗਿਆ ਦੇਖ ਕੇ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਸਿੰਘ ਯਾਦਵ ਉਸ ਦੇ ਬਚਾਅ ਵਿਚ ਆ ਗਏ ਅਤੇ ਕਿਹਾ ਕਿ ਆਜ਼ਮ ਖਾਨ ਦੀ ਇਸ ਟਿਪਣੀ ਦਾ ਮਕਸਦ ਕਿਸੇ ਦਾ ਨਿਰਾਦਰ ਕਰਨਾ ਨਹੀਂ ਸੀ। ਫਿਰ ਵੀ ਰੌਲਾ ਨਾ ਰੁਕਿਆ ਤਾਂ ਆਜ਼ਮ ਖਾਨ ਲੋਕ ਸਭਾ ਤੋਂ ਬਾਹਰ ਚਲੇ ਗਏ। ਇਸ ਮੁੱਦੇ ਬਾਰੇ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਵੀ ਸਖ਼ਤ ਨਜ਼ਰ ਆਏ। ਉਨ੍ਹਾਂ ਨੇ ਪਾਰਲੀਮੈਂਟ ਮੈਂਬਰਾਂ ਨੂੰ ਨਸੀਹਤ ਦਿੰਦਿਆਂ ਕਿਹਾ ਕਿ ਕਿਸੇ ਚੀਜ਼ ਨੂੰ ਕਾਰਵਾਈ ਤੋਂ ਬਾਹਰ ਕਰ ਦੇਣਾ ਹੱਲ ਨਹੀਂ, ਇਹ ਸਭ ਗੱਲਾਂ ਜਨਤਕ ਤੌਰ ਉੱਤੇ ਆ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਪਾਰਲੀਮੈਂਟ ਵਿਚ ਬੈਠ ਕੇ ਇਸ ਦੀ ਸ਼ਾਨ ਬਣਾਈ ਰੱਖਣਾ ਵੀ ਮੈਂਬਰਾਂ ਦਾ ਫਰਜ਼ ਹੈ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# 143 ਰੁਪਏ ਵੱਧ ਵਸੂਲਣ ਉੱਤੇ 48 ਹਜ਼ਾਰ ਜੁਰਮਾਨਾ

ਲੁਧਿਆਣਾ, 25 ਜੁਲਾਈ (ਪੋਸਟ ਬਿਊਰੋ)- ਜ਼ਿਲਾ ਖਪਤਕਾਰ ਫੋਰਮ ਨੇ ਲੁਧਿਆਣਾ ਦੇ ਐਮ ਬੀ ਡੀ ਮਾਲ ਵਿੱਚ ਲਾਈਫ ਸਟਾਈਲ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਵੱਲੋਂ ਆਪਣੇ 12 ਖਪਤਕਾਰਾਂ ਤੋਂ 143 ਰੁਪਏ ਵੱਧ ਵਸੂਲਣ 'ਤੇ ਸਖਤ ਨੋਟਿਸ ਲੈਂਦੇ ਹੋਏ ਇਸ ਨੂੰ 48 ਹਜ਼ਾਰ ਰੁਪਏ ਹਰਜਾਨਾ ਭਰਨ ਦਾ ਆਦੇਸ਼ ਦਿੱਤਾ ਹੈ। ਇਨ੍ਹਾਂ ਵਿੱਚ ਮਨੀਮਾਜਰਾ ਵਾਸੀ ਰਾਹੁਲ ਤੋਂ ਤਿੰਨ ਪ੍ਰੋਡਕਟ ਦੇ ਸਿਰਫ 26.65 ਰੁਪਏ, ਪਠਾਨਕੋਟ ਵਾਸੀ ਰੋਹਿਤ ਸ਼ਰਮਾ ਤੋਂ ਪੰਜ ਪ੍ਰੋਡਕਟ ਦੇ 79.52 ਰੁਪਏ ਅਤੇ ਸਾਹਿਲ ਸ਼ਰਮਾ ਤੋਂ ਚਾਰ ਪ੍ਰੋਡਕਟ ਦੇ 36.94 ਰੁਪਏ ਵੱਧ ਵਸੂਲੇ ਜਾਣ ਦਾ ਨੋਟਿਸ ਲੈਂਦੇ ਹੋਏ ਉਨ੍ਹਾਂ ਨੂੰ ਪ੍ਰਤੀ ਸ਼ਿਕਾਇਤ ਚਾਰ ਹਜ਼ਾਰ ਰੁਪਏ ਹਰਜਾਨਾ ਅਦਾ ਕਰਨ ਦਾ ਆਦੇਸ਼ ਦਿੱਤਾ ਹੈ। ਇਸ ਤਰ੍ਹਾਂ ਲਾਈਫ ਸਟਾਈਲ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਨੂੰ ਕੁੱਲ 48 ਹਜ਼ਾਰ ਰੁਪਏ ਹਰਜਾਨਾ ਅਦਾ ਕਰਨਾ ਹੋਵੇਗਾ। ਜ਼ਿਲ੍ਹ ਉਪਭੋਗਤਾ ਫੋਰਮ ਦੇ ਪ੍ਰਧਾਨ ਜੀ ਕੇ ਧੀਰ ਅਤੇ ਮੈਂਬਰ ਜਿਓਸਤਨਾ ਥਾਥਾਈ ਨੇ ਕਿਹਾ ਕਿ ਲਾਈਫ ਸਟਾਈਲ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਵੱਲੋਂ ਆਪਣੇ 12 ਖਪਤਕਾਰਾਂ ਤੋਂ ਜ਼ਿਆਦਾ ਪੈਸੇ ਵਸੂਲੇ ਗਏ ਸਨ, ਜੋ ਗਲਤ ਹੈ। ਉਪਭੋਗਤਾ ਫੋਰਮ ਵਿੱਚ ਪਠਾਨਕੋਟ ਦੇ ਰੋਹਿਤ ਸ਼ਰਮਾ ਨੇ ਪੰਜ ਸ਼ਿਕਾਇਤਾਂ ਕੀਤੀਆਂ ਸਨ। ਮਨੀਮਾਜਰਾ ਦੇ ਰਾਹੁਲ ਵੱਲੋਂ ਤਿੰਨ ਅਤੇ ਪੰਚਕੂਲਾ ਦੇ ਸਾਹਿਲ ਸ਼ਰਮਾ ਵੱਲੋਂ ਚਾਰ ਸ਼ਿਕਾਇਤਾਂ ਆਈਆਂ ਸਨ, ਜਿਸ ਵਿੱਚ ਸਾਰਿਆਂ ਨੇ ਦੋਸ਼ ਲਾਇਆ ਸੀ ਕਿ ਉਨ੍ਹਾਂ ਨੇ ਜੁਲਾਈ 2017 ਨੂੰ ਲਾਈਫ ਸਟਾਈਲ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਤੋਂ ਵੱਖ-ਵੱਖ ਤੌਰ ਉੱਤੇ ਵੱਖ-ਵੱਖ ਬਿੱਲਾਂ ਉੱਤੇ 12 ਪ੍ਰੋਡਕਟ ਖਰੀਦੇ ਸਨ, ਜਿਸ ਵਿੱਚ ਉਨ੍ਹਾਂ ਤੋਂ ਲਾਈਫ ਸਟਾਈਲ ਪ੍ਰਾਈਵੇਟ ਲਿਮਟਿਡ ਨੇ ਰਾਸ਼ੀ ਜ਼ਿਆਦਾ ਵਸੂਲੀ ਸੀ। ਫੋਰਮ ਦੇ ਪ੍ਰਧਾਨ ਅਤੇ ਮੈਂਬਰ ਨੇ ਕਿਹਾ ਕਿ ਉਪਰੋਕਤ ਦੁਕਾਨਦਾਰ ਵੱਲੋਂ ਉਪਭੋਗਤਾਵਾਂ ਤੋਂ ਪ੍ਰਤੀ ਪ੍ਰੋਡਕਟ ਰੁਪਏ ਵੱਧ ਵਸੂਲੇ ਗਏ ਸਨ।

# ਸੰਪਾਦਕੀ

## ਵਕੀਲਾਂ ਦੀਆਂ ਫੀਸਾਂ ਬਾਰੇ ਸੁਆਲ

ਕੁੱਝ ਸਾਲ ਪਹਿਲਾਂ ਟੋਰਾਂਟੋ ਦੇ ਵਕੀਲ ਪੀਟਰ ਬੱਡ (Peter Budd) ਦਾ ਕੇਸ ਵੱਡੀ ਚਰਚਾ ਦਾ ਵਿਸ਼ਾ ਬਣਿਆ ਸੀ ਜਦੋਂ ਲਾਅ ਸੁਸਾਇਟੀ ਆਫ ਅੱਪਰ ਕੈਨੇਡਾ ਵੱਲੋਂ ਉਸਦਾ ਲਾਇਸੰਸ ਰੱਦ ਕਰ ਦਿੱਤਾ ਗਿਆ ਸੀ। ਵੇਖਣ ਨੂੰ ਸੋਹਣੇ ਸੁਨੱਖੇ ਅਤੇ ਕਾਬਲੀਅਤ ਪੱਖੋਂ ਲਾਮਿਸਾਲ ਗੁਣਾਂ ਵਾਲੇ ਇਸ ਵਕੀਲ ਨੇ ਆਪਣੇ ਇੱਕ ਗਾਹਕ ਨਾਲ ਪਰਿਵਾਰਕ ਸਬੰਧ ਬਣਾਏ ਅਤੇ ਸਮਾਂ ਪਾ ਕੇ ਉਸਦੀਆਂ 14 ਤੋਂ 18 ਸਾਲ ਦੀ ਉਮਰ ਦੀਆਂ 3 ਬੇਟੀਆਂ ਨਾਲ ਇੱਕੋ ਸਮੇਂ ਅੱਲਗ 2 ਹਾਲਾਤਾਂ ਵਿੱਚ ਕਈ ਸਾਲਾਂ ਤੱਕ ਸਰੀਰਕ ਸਬੰਧ ਬਣਾਉਂਦਾ ਰਿਹਾ। ਇਸ ਵਕੀਲ ਦੀ ਟੋਰਾਂਟੋ ਵਿੱਚਲੀ ਤੜਕ ਭੜਕ ਵਾਲੀ ਜੀਵਨ ਸ਼ੈਲੀ ਤੋਂ ਲੰਡਨ, ਉਂਟੇਰੀਓ ਦੇ ਸਾਦੇ ਸ਼ਹਿਰ ਦੀਆਂ ਲੜਕੀਆਂ ਅਜਿਹੀਆਂ ਪ੍ਰਭਾਵਿਤ ਹੋਈਆਂ ਕਿ ਉਹਨਾਂ ਦੇ ਪੈਰ ਹੀ ਜ਼ਮੀਨੋਂ ਉੱਖੜਦੇ ਗਏ। ਜਦੋਂ ਇਹਨਾਂ ਕਾਲੇ ਸਬੰਧਾਂ ਦਾ ਪਰਿਵਾਰ ਦੇ ਸਾਰੇ ਜੀਆਂ ਨੂੰ ਪਤਾ ਲੱਗਾ ਤਾਂ ਗੱਲ ਵਕੀਲ ਦੇ ਲਾਇਸੰਸ ਰੱਦ ਹੋਣ ਦੀ ਨਹੀਂ ਸੀ ਰਹੀ ਸਗੋਂ ਇਸ ਮੁੱਦੇ ਉੱਤੇ ਆ ਟਿਕੀ ਕਿ ਇਸ ਵਕੀਲ ਦੀ ਸਾਰੇ ਪਰਿਵਾਰ ਨੂੰ ਦਿੱਤੀ ਕਾਨੂੰਨੀ ਸੇਵਾ ਦੀ ਕੀ ਕੀਮਤ ਚੁਕਾਉਣੀ ਪਈ।




ਪੀਟਰ ਬੱਡ ਦੀ ਕਹਾਣੀ ਦਾ ਸਹਾਰਾ ਲੈ ਕੇ ਗੱਲ ਕਰਨੀ ਬਣਦੀ ਹੈ ਕਿ ਆਪਣੇ ਹੱਕਾਂ ਤੋਂ ਪੂਰੇ ਜਾਣੂੰ ਨਾ ਹੋਣ ਕਾਰਣ ਲੋਕਾਂ ਨੂੰ ਗਲਤ ਕਿਸਮ ਦੇ ਵਕੀਲਾਂ ਹੱਥੋਂ ਕਿੰਨਾ ਖਰਾਬ ਹੋਣਾ ਪੈ ਸਕਦਾ ਹੈ। ਦੂਜੇ ਪਾਸੇ ਵਕਾਲਤ ਅਜਿਹਾ ਕਿੱਤਾ ਹੈ ਜਿਸਦਾ ਸਨਮਾਨ ਅਤੇ ਰੁਤਬਾ ਇਸ ਲਈ ਉੱਚਾ ਹੈ ਜੋ ਸੱਮਸਿਆ ਵਿੱਚ ਆਏ ਮਨੁੱਖ ਦਾ ਆਪਣੀ ਲਿਆਕਤ, ਦਿਮਾਗ ਅਤੇ ਗਿਆਨ ਸਹਾਰੇ ਬੇੜਾ ਪਾਰ ਲਾਉਣ ਵਿੱਚ ਸਹਾਈ ਹੁੰਦਾ ਹੈ। ਆਖਦੇ ਹਨ ਕਿ ਕਾਨੂੰਨ ਅੰਨਾ ਹੈ ਤਾਂ ਬੇਸ਼ੱਕ ਅੰਨ੍ਹਾ ਰਹੇ ਪਰ ਚੰਗੇ ਵਕੀਲ ਅੰਨੇ ਕਾਨੂੰਨ ਨੂੰ ਰਸਤਾ ਵਿਖਾਉਣ ਦਾ ਕੰਮ ਕਰਦੇ ਹਨ।

ਦੂਜੇ ਪਾਸੇ ਡਾਇਮੰਡ ਐਂਡ ਡਾਇਮੰਡ (Diamond and Diamond) ਲਾਅ ਫਰਮ ਵਰਗੇ ਬਿਜਸਨ ਵੀ ਹਨ ਜਿਹਨਾਂ ਦੇ ਕੰਮਕਾਜ ਕਰਨ ਬਾਰੇ ਸਮੇਂ 2 ਉੱਤੇ ਮੀਡੀਆ ਅਤੇ ਆਮ ਪਬਲਿਕ ਵਿੱਚ ਗੰਭੀਰ ਸੁਆਲ ਉੱਠਦੇ ਰਹੇ ਹਨ। ਇਸ ਫਰਮ ਦੇ ਮਾਲਕ ਉੱਤੇ ਦੋਸ਼ ਲੱਗਦੇ ਰਹੇ ਹਨ ਕਿ personal injutry ਮਾਮਲਿਆਂ ਵਿੱਚ ਮਾਹਰ ਹੋਣ ਦਾ ਦਾਅਵਾ ਕਰਨ ਵਾਸਤੇ ਉਹ ਇਸ਼ਿਤਿਹਾਰਬਾਜ਼ੀ ਉੱਤੇ ਲੱਖਾਂ ਡਾਲਰ ਖਰਚ ਕਰਦਾ ਹੈ ਜਦੋਂ ਕਿ ਹਕੀਕਤ ਵਿੱਚ ਉਸ ਕੋਲ ਇਹਨਾਂ ਕੇਸਾਂ ਨੂੰ ਲੜਨ ਦਾ ਕੋਈ ਅਨੁਭਵ ਨਹੀਂ ਹੈ। ਲਾਅ ਸੁਸਾਇਟੀ ਕੋਲ ਦਰਜ਼ ਸ਼ਿਕਾਇਤ ਮੁਤਾਬਕ 2013 ਤੋਂ 2017 ਤੱਕ ਉਸਨੇ ਇੱਕ ਵੀ ਕੇਸ ਕਿਸੇ ਅਦਾਲਤ ਵਿੱਚ ਨਹੀਂ ਸੀ ਲੜਿਆ ਸਗੋਂ ਆਪਣੇ ਸਾਰੇ ਗਾਹਕਾਂ ਦੇ ਕੇਸ ਹੋਰ ਵਕੀਲਾਂ ਨੂੰ ਦੇ ਦੇਂਦਾ। ਥੋੜੇ ਪੈਸੇ ਕੇਸ ਲੜਨ ਵਾਲੇ ਵਕੀਲਾਂ ਨੂੰ ਦੇ ਕੇ ਆਪ ਮੋਟੀਆਂ ਫੀਸਾਂ ਜੇਬ ਵਿੱਚ ਰੱਖ ਲੈਂਦਾ।

ਵਕੀਲ ਜਾਂ ਪੈਰਾਲੀਗਲ ਨੂੰ ਅਦਾਲਤ ਦੇ ਅਫ਼ਸਰ ਕਰਾਰ ਦਿੱਤਾ ਜਾਂਦਾ ਹੈ ਕਿਉਂਕਿ ਉਹ ਨਿਆਂ ਸਿਸਟਮ ਦਾ ਇੱਕ ਅਹਿਮ ਅੰਗ ਹਨ। ਚੰਗੇ ਕਿਰਦਾਰ ਅਤੇ ਵਕਾਲਤ ਦੇ ਕਿੱਤੇ ਨੂੰ ਸਨਮਾਨ ਨਾਲ ਕਰਨ ਵਾਲੇ ਵਕੀਲਾਂ ਬਾਰੇ ਸਹੀ ਜਾਣਕਾਰੀ ਕਮਿਊਨਿਟੀ ਵਿੱਚ ਹੋਣੀ ਲਾਜ਼ਮੀ ਹੈ। ਇਸਦੇ ਨਾਲ ਹੀ ਪਬਲਿਕ ਲਈ ਜਰੂਰੀ ਹੈ ਕਿ ਉਹ ਮਾੜੇ ਵਕੀਲਾਂ ਤੋਂ ਬਚਣ ਲਈ ਆਪਣੇ ਹੱਕਾਂ ਦੀ ਜਾਣਕਾਰੀ ਰੱਖਣ। ਵਕੀਲਾਂ ਜਾਂ ਪੈਰਾਲੀਗਲਾਂ ਦੀ ਫੀਸ ਸਰਕਾਰ ਜਾਂ ਕਿਸੇ ਜੱਥੇਬੰਦੀ ਵੱਲੋਂ ਨਿਰਧਾਰਤ ਨਹੀਂ ਕੀਤੀ ਜਾਂਦੀ। ਸਮਝਦਾਰ ਵਕੀਲ ਨੂੰ ਸਹੀ ਫੀਸ ਦੇਣ ਵਿੱਚ ਗਾਹਕਾਂ ਨੂੰ ਇਤਰਾਜ਼ ਵੀ ਨਹੀਂ ਹੁੰਦਾ ਪਰ ਮਸਲੇ ਉਸ ਵੇਲੇ ਉਲਝ ਜਾਂਦੇ ਹਨ ਜਦੋਂ ਗਾਹਕ ਨੂੰ ਆਪਣੇ ਹੱਕਾਂ ਦੀ ਜਾਣਕਾਰੀ ਨਹੀਂ ਹੁੰਦੀ ਅਤੇ ਚਲਾਕ ਕਿਸਮ ਦੇ ਵਕੀਲ ਜਾਂ ਪੈਰਾਲੀਗਲ ਉਹਨਾਂ ਦਾ ਨਜ਼ਾਇਜ਼ ਲਾਭ ਚੁੱਕਦੇ ਹਨ।

ਉਂਟੇਰੀਓ ਦੇ ਹਰ ਸ਼ਹਿਰ ਜਾਂ ਕਾਊਂਟੀ ਵਿੱਚ ਕੋਈ ਨਾ ਕੋਈ ਲੀਗਲ ਕਲਿਨਿਕ ਹੁੰਦੀ ਹੈ ਜੋ ਕਈ ਕਾਨੂੰਨੀ ਮਸਲਿਆਂ ਬਾਰੇ ਯੋਗ ਵਿਅਕਤੀਆਂ ਨੂੰ ਮੁਫਤ ਸੇਵਾ ਦੇਂਦੀਆਂ ਹੈ। ਹਰ ਅਦਾਲਤ ਵਿੱਚ ਡਿਊਟੀ ਕਾਉਂਸਲ ਹੁੰਦਾ ਹੈ ਜਿਸ ਤੋਂ ਕਿਸੇ ਕਾਨੂੰਨੀ ਨੁਕਤੇ ਬਾਰੇ ਮੁੱਢਲੀ ਜਾਣਕਾਰੀ ਲੈਣ ਲਈ ਮੁਫ਼ਤ ਸਲਾਹ ਲਈ ਜਾ ਸਕਦੀ ਹੈ। Community Legal Education Ontario (CLEO) ਅਤੇ Steps to Justice ਵਰਗੀਆਂ ਸੰਸਥਾਵਾਂ ਕਈ ਕਿਸਮ ਦੇ ਕਾਨੂੰਨੀ ਮੁੱਦਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਗਲਤ ਸੇਵਾ ਦੇਣ ਜਾਂ ਫੀਸ ਲੈ ਕੇ ਪੂਰਾ ਕੰਮ ਨਾ ਕਰਨ ਆਦਿ ਦੇ ਮਾਮਲੇ ਵਿੱਚ ਪ੍ਰੋਫੈਸ਼ਨਲ ਪਹੁੰਚ ਨਾ ਅਪਨਾਉਣ ਵਾਲੇ ਵਕੀਲ ਜਾਂ ਪੈਰਾਲੀਗਲ ਦੀ ਸ਼ਿਕਾਇਤ ਕਰਨ ਬਾਰੇ ਜਾਣਕਾਰੀ ਲਾਅ ਸੁਸਾਇਟੀ ਆਫ ਉਂਟੇਰੀਓ ਦੀ ਵੈੱਬਸਾਈਟ ਉੱਤੇ ਵਿਸਥਾਰ ਨਾਲ ਦਿੱਤੀ ਗਈ ਹੈ। ਫੀਸਾਂ ਦੀ ਗੱਲ ਕਰਨ ਵੇਲੇ ਇਹ ਚੇਤੇ ਰੱਖਣਾ ਬਣਦਾ ਹੈ ਕਿ ਉਸ ਵਕੀਲ ਦੀ ਫੀਸ ਕਿਵੇਂ ਆਂਕੀ ਜਾ ਸਕਦੀ ਹੈ ਜੋ ਆਪਣੇ ਦਿਮਾਗ ਦੇ 30-40 ਮਿੰਟ ਲਾ ਕੇ ਗਾਹਕ ਦੇ ਲੱਖਾਂ ਡਾਲਰ ਬਚਾਉਣ ਦੀ ਸਮਰੱਥਾ ਰੱਖਦਾ ਹੈ।

## ਕੈਨੇਡੀਅਨਾਂ ਦੇ ਮਨਾਂ ਵਿੱਚ ਫੈਡਰਲ ਸਰਕਾਰ ਪ੍ਰਤੀ ਗੁੱਸਾ ਤੇ ਨਕਾਰਾਤਮਕਤਾ ਵੱਧ : ਸਰਵੇਖਣ

ਜ਼ਿਕਰ ਕੀਤਾ ਗਿਆ। ਕੇਨੀ ਦੇ ਵਿਚਾਰਾਂ ਨਾਲ ਹੀ ਮੇਲ ਖਾਂਦੇ ਵਿਚਾਰ ਸਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਅ ਦੇ ਹਨ। ਉਹ ਵੀ ਓਟਵਾ ਦੇ ਕਾਰਬਨ

...ਪੰਨਾ 1 ਦਾ ਬਾਕੀ

ਟੈਕਸ ਤੇ ਊਰਜਾ ਸਬੰਧੀ ਨੀਤੀਆਂ ਨੂੰ ਕੌਮੀ ਏਕਤਾ ਲਈ ਖਤਰਾ ਦੱਸ ਚੁੱਕੇ ਹਨ। ਨੈਨੋਜ਼ ਨੇ ਆਖਿਆ ਕਿ ਕੈਨੇਡੀਅਨਾਂ ਨੇ ਇਨ੍ਹਾਂ ਪ੍ਰੋਵਿੰਸ਼ੀਅਲ ਆਗੂਆਂ ਨੂੰ ਗੁੱਸਾ ਪ੍ਰਗਟਾਉਂਦਿਆਂ ਵੇਖਿਆ ਹੈ ਤੇ ਉਹ ਵੀ ਇਸ ਤੋਂ ਪ੍ਰਭਾਵਿਤ ਹੋਏ ਹਨ।

## ਡੇਵਿਡ ਕੈਪਲਾਨ ਦੀ ਅਚਾਨਕ ਹੋਈ ਮੌਤ ਉਤੇ ਸਿਆਸਤਦਾਨਾਂ ਵੱਲੋਂ ਦੁੱਖ ਦਾ ਪ੍ਰਗਟਾਵਾ

ਪ੍ਰਗਟਾਉਣ ਦੇ ਸੁਨੇਹੇ ਆਉਣੇ ਸ਼ੁਰੂ ਹੋਏ। ਕੈਪਲਾਨ ਨੂੰ ਬਹੁਤ ਹੀ ਮਿਹਨਤੀ ਤੇ ਸਮਰਪਿਤ ਪਬਲਿਕ ਸਰਵੈਂਟ ਵਜੋਂ ਪਰਿਭਾਸ਼ਤ ਕੀਤਾ ਜਾ ਰਿਹਾ ਹੈ। ਪ੍ਰੀਮੀਅਰ ਡੱਗ ਫੋਰਡ ਨੇ ਇਸ ਲਿਬਰਲ ਸਿਆਸਤਦਾਨ ਦੇ ਪਰਿਵਾਰਕ ਮੈਂਬਰਾਂ ਤੇ ਦੋਸਤਾਂ ਮਿੱਤਰਾਂ ਨੂੰ ਟਵਿੱਟਰ ਰਾਹੀਂ ਸ਼ੋਕ ਸੁਨੇਹਾ ਭੇਜਿਆ। ਉਨ੍ਹਾਂ ਆਖਿਆ ਕਿ ਕੈਪਲਾਨ ਨੇ ਪ੍ਰੋਵਿੰਸ ਲਈ ਕਮਾਲ ਦੀ ਸੇਵਾ ਨਿਭਾਈ। ਫੋਰਡ ਕੈਬਨਿਟ ਦੇ ਕਈ

...ਪੰਨਾ 1 ਦਾ ਬਾਕੀ

ਹੋਰਨਾਂ ਮੈਂਬਰਾਂ ਵੱਲੋਂ ਵੀ ਕੈਪਲਾਨ ਦੀ ਮੌਤ ਉੱਤੇ ਦੁੱਖ ਪ੍ਰਗਟਾ ਕੀਤਾ ਗਿਆ। ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਇਸ ਖਬਰ ਨੂੰ ਬਹੁਤ ਹੀ ਅਫਸੋਸਨਾਕ ਦੱਸਿਆ ਜਦਕਿ ਟੂਰਿਜ਼ਮ ਮੰਤਰੀ ਲੀਜ਼ਾ ਮੈਕਲਿਓਡ ਨੇ ਕੈਪਲਾਨ ਨੂੰ ਬਿਹਤਰੀਨ ਪਬਲਿਕ ਸਰਵੈਂਟ, ਨੇਕ ਇਨਸਾਨ ਦੱਸਿਆ। ਉਨ੍ਹਾਂ ਆਖਿਆ ਕਿ 54 ਸਾਲ ਦੀ ਨਿੱਕੀ ਉਮਰ ਵਿੱਚ ਕੈਪਲਾਨ ਦੇ ਜਾਣ ਦਾ ਉਨ੍ਹਾਂ ਨੂੰ ਬਹੁਤ ਦੁੱਖ ਹੈ। ਉਨ੍ਹਾਂ ਦੇ ਸਾਬਕਾ ਪ੍ਰੈੱਸ ਸਕੱਤਰ ਸਟੀਵ ਇਰਵਿਨ ਨੇ ਆਖਿਆ ਕਿ ਜਿਨ੍ਹਾਂ ਨੇ ਕੈਪਲਾਨ ਵਰਗੇ ਸਿਆ-ਸਤਦਾਨ ਨਾਲ ਕੰਮ ਕੀਤਾ ਉਨ੍ਹਾਂ ਲਈ ਇਹ ਕਾਫੀ ਮੰਦਭਾਗਾ ਦਿਨ ਹੈ। ਇਸ ਮੌਕੇ ਲਿਬਰਲ ਆਗੂ ਜੌਹਨ ਫਰੇਜ਼ਰ, ਮਾਈਕਲ ਕੌਟੀਊ,ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਵੀ ਕੈਪਲਾਨ ਦੀ ਅਚਾਨਕ ਹੋਈ ਮੌਤ ਉੱਤੇ ਦੁੱਖ ਪ੍ਰਗਟਾਇਆ।

## ਆਰਸੀਐਮਪੀ ਨੂੰ ਟੀਨੇਜਰ ਮਸ਼ਕੂਕਾਂ ਦੇ ਮੈਨੀਟੋਬਾ ਵਿੱਚ ਹੋਣ ਦਾ ਸ਼ੱਕ

ਪਿਛਲੇ 48 ਘੰਟਿਆਂ ਵਿੱਚ ਆਰਸੀਐਮਪੀ ਨੂੰ 80 ਟਿੱਪਜ਼ ਮਿਲ ਚੁੱਕੇ ਹਨ। ਦੋਵੇਂ ਮਸ਼ਕੂਕ ਵੈਨਕੂਵਰ ਦੇ 64 ਸਾਲਾ ਲਿਓਨਾਰਡ ਡਿੱਕ ਤੋਂ ਇਲਾਵਾ 23 ਸਾਲਾ ਆਸਟਰੇਲੀਆਈ ਵਿਅਕਤੀ ਲੂਕਸ ਫਾਓਲਰ ਅਤੇ ਉਸ ਦੀ 24 ਸਾਲਾ ਅਮਰੀਕੀ ਗਰਲਫਰੈਂਡ

...ਪੰਨਾ 1 ਦਾ ਬਾਕੀ

ਛੀਨਾ ਡੀਸ ਦੀ ਮੌਤ ਦੇ ਮਾਮਲੇ ਵਿੱਚ ਲੋੜੀਂਦੇ ਹਨ। ਇਨ੍ਹਾਂ ਦੀਆਂ ਲਾਸ਼ਾਂ ਉੱਤਰੀ ਬੀਸੀ ਦੇ ਹਾਈਵੇਅ ਉੱਤੇ ਮਿਲੀਆਂ ਸਨ। ਆਰਸੀਐਮਪੀ ਨੇ ਹਥਿਆਰਬੰਦ ਟੈਕਟੀਕਲ ਅਸਾਲਟ ਵੈਹੀਕਲ (ਟੀਏਵੀ) ਤੇ ਇੱਕ ਨਾਕਾ ਗਿਲਾਮ ਵਿੱਚ ਆਉਣ ਜਾਣ ਲਈ ਬਣੇ ਇੱਕਮਾਤਰ ਰਾਹ ਉੱਤੇ ਕਾਇਮ ਕੀਤਾ ਹੈ। ਇਹ ਵੀ ਦੱਸਿਆ ਗਿਆ ਕਿ ਪੁਲਿਸ ਅਧਿਕਾਰੀ ਇਸ ਲਾਂਘੇ ਤੋਂ ਆਉਣ ਜਾਣ ਵਾਲੇ ਸਾਰੇ ਵਾਹਨਾਂ ਦੀ ਜਾਂਚ ਕਰ ਰਹੇ ਹਨ।

## ਡਿਊਟੀ ਟਾਈਮ ਝਗੜੇ ਵਿੱਚ ਬਿਜਲੀ ਕਾਮੇ ਨੇ ਸਾਥੀ ਨੂੰ ਗੋਲੀਆਂ ਮਾਰ ਕੇ ਮਾਰਿਆ

ਲਹਿਰਾਗਾਗਾ, 25 ਜੁਲਾਈ (ਪੋਸਟ ਬਿਊਰੋ)- ਡਿਊਟੀ ਬਾਰੇ ਬਿਜਲੀ ਕਰਮਚਾਰੀ ਦੀ ਉਸ ਦੇ ਸਾਥੀ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਹੈ। ਇੱਕ ਦਿਨ ਪਹਿਲਾਂ ਵੀ ਦੋਵਾਂ ਕਰਮਚਾਰੀਆਂ ਦਾ ਡਿਊਟੀ ਬਾਰੇ ਝਗੜਾ ਹੋਇਆ ਸੀ, ਜਿਸ ਦੇ ਕਾਰਨ ਗੁੱਸੇ ਵਿੱਚ ਕਰਮਚਾਰੀ ਨੇ ਆਪਣੇ ਲਾਇਸੈਂਸੀ ਰਿਵਾਲਵਰ ਨਾਲ ਸਾਥੀ ਨੂੰ ਤਿੰਨ ਗੋਲੀਆਂ ਮਾਰ ਦਿੱਤੀਆਂ, ਇਸ ਨਾਲ ਉਸ ਨੇ ਦਮ ਤੋੜ ਦਿੱਤਾ। ਪੁਲਸ ਨੇ ਦੋਸ਼ੀ ਗ੍ਰਿਫਤਾਰ ਕਰ ਕੇ ਰਿਵਾਲਵਰ ਬਰਾਮਦ ਕਰ ਲਿਆ ਹੈ।

ਧੂਰੀ ਦੇ ਵਾਸੀ ਸੁਖਦਰਸ਼ਨ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਗੁਰਮੀਤ ਸਿੰਘ (46) ਬਿਜਲੀ ਬੋਰਡ ਵਿੱਚ ਐੱਸ ਐੱਸ ਏ ਵਜੋਂ ਬਿਜਲੀ ਗਰਿੱਡ ਖੰਡੇਬਾਦ ਵਿੱਚ ਨੌਕਰੀ ਕਰਦਾ ਸੀ। ਉਸ ਨੇ ਕੁਝ ਦਿਨ ਪਹਿਲਾਂ ਦੱਸਿਆ ਸੀ ਕਿ ਓਥੇ ਗਰਿੱਡ ਵਿੱਚ ਡਿਊਟੀ ਕਰਦਾ ਲਹਿਰੇ ਦਾ ਵਾਸੀ ਪ੍ਰਦੀਪ ਕੁਮਾਰ ਉਰਫ ਪੰਮੀ ਅਕਸਰ ਡਿਊਟੀ ਬਾਰੇ ਉਸ ਦੇ ਨਾਲ ਝਗੜਾ ਕਰਦਾ ਹੈ। ਪ੍ਰਦੀਪ ਉਸ ਨੂੰ ਕਈ ਵਾਰ ਜਾਨੋਂ ਮਾਰਨ ਦੀ ਧਮਕੀ ਦੇ ਚੁੱਕਾ ਹੈ। ਉਨ੍ਹਾਂ ਨੇ ਗੁਰਮੀਤ ਨੂੰ ਸਮਝਾਇਆ ਸੀ ਕਿ ਕਿਸੇ ਨਾਲ ਝਗੜਾ ਨਹੀਂ ਕਰਨਾ, ਕੁਝ ਦਿਨਾਂ ਨੂੰ ਉਹ ਉਸ ਦੀ ਬਦਲੀ ਕਰਵਾ ਲੈਣਗੇ, ਜਿਸ ਕਾਰਨ ਉਹ ਡਿਊਟੀ 'ਤੇ ਆਉਣ ਲੱਗਾ ਸੀ। ਗੁਰਮੀਤ ਕੱਲ੍ਹ ਦੁਪਹਿਰ ਡਿਊਟੀ ਉਤੇ ਗਿਆ ਸੀ, ਕਿਉਂਕਿ ਡਿਊਟੀ ਮੰਗਲਵਾਰ ਸ਼ਾਮ ਚਾਰ ਵਜੇ ਤੋਂ ਬੁੱਧਵਾਰ ਸਵੇਰੇ ਅੱਠ ਵਜੇ ਤੱਕ ਸੀ। ਕੱਲ੍ਹ ਦੁਪਹਿਰ ਸਾਢੇ 12 ਵਜੇ ਉਨ੍ਹਾਂ ਨੂੰ ਪਤਾ ਲੱਗਾ ਕਿ ਗਰਿੱਡ ਵਿੱਚ ਗੁਰਮੀਤ ਨੂੰ ਪ੍ਰਦੀਪ ਕੁਮਾਰ ਨੇ ਆਪਣੇ ਕੋਲ ਰੱਖੇ ਰਿਵਾਲਵਰ ਨਾਲ ਗੋਲੀਆਂ ਮਾਰ ਕੇ ਉਸ ਦਾ ਕਤਲ ਕਰ ਦਿੱਤਾ ਹੈ।

ਐੱਸ ਐੱਸ ਪੀ ਡਾਕਟਰ ਸੰਦੀਪ ਗਰਗ ਨੇ ਦੱਸਿਆ ਕਿ ਡਿਊਟੀ ਬਾਰੇ ਦੋਵਾਂ ਦਾ ਝਗੜਾ ਹੋਇਆ ਸੀ ਅਤੇ ਪ੍ਰਦੀਪ ਨੇ ਗੁੱਸੇ ਵਿੱਚ ਆ ਕੇ ਲਾਇਸੈਂਸੀ ਰਿਵਾਲਵਰ ਨਾਲ ਗੁਰਮੀਤ ਨੂੰ ਤਿੰਨ ਗੋਲੀਆਂ ਮਾਰ ਦਿੱਤੀਆਂ। ਪੁਲਸ ਨੇ ਸੁਖਦਰਸ਼ਨ ਸਿੰਘ ਦੇ ਬਿਆਨਾਂ 'ਤੇ ਪ੍ਰਦੀਪ ਕੁਮਾਰ ਦੇ ਖਿਲਾਫ ਕਤਲ ਅਤੇ ਆਰਮਜ਼ ਐਕਟ ਦਾ ਕੇਸ ਦਰਜ ਕਰ ਲਿਆ ਹੈ। ਦੋਸ਼ੀ ਨੂੰ ਗ੍ਰਿਫਤਾਰ ਕਰ ਕੇ ਉਸ ਤੋਂ ਘਟਨਾ ਦੇ ਸਮੇਂ ਇਸਤੇਮਾਲ ਕੀਤਾ ਗਿਆ ਰਿਵਾਲਵਰ ਵੀ ਬਰਾਮਦ ਕਰ ਲਿਆ ਗਿਆ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4


| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਪੰਜਾਬ ਦੇ ਕੈਦੀਆਂ ਦੀ ਪੈਰੋਲ ਦੇ ਹਜ਼ਾਰਾਂ ਕੇਸ ਪੈਂਡਿੰਗ

ਚੰਡੀਗੜ੍ਹ, 25 ਜੁਲਾਈ (ਪੋਸਟ ਬਿਊਰੋ)- ਪੰਜਾਬ ਵਿੱਚ ਕੈਦੀਆਂ ਦੇ ਪੈਰੋਲ ਦੇ ਕੇਸ ਜ਼ਿਲ੍ਹਾ ਅਧਿਕਾਰੀਆਂ ਦੇ ਕੋਲ ਫਸੇ ਪਏ ਹਨ। ਪਤਾ ਲੱਗਾ ਹੈ ਕਿ 4000 ਦੇ ਕਰੀਬ ਕੈਦੀਆਂ ਨੇ ਪੈਰੋਲ ਦੀ ਅਰਜ਼ੀ ਦਿੱਤੀ ਹੋਈ ਹੈ। ਪੈਰੋਲ ਲਈ ਕੇਸ ਜ਼ਿਲ੍ਹਾ ਪੁਲਸ ਦੇ ਮੁਖੀ ਅਤੇ ਡਿਪਟੀ ਕਮਿਸ਼ਨਰ ਕੋਲ ਜਾਂਦਾ ਹੈ। ਜ਼ਿਲ੍ਹਾ ਅਧਿਕਾਰੀ ਦੇਖਦੇ ਹਨ ਕਿ ਕੈਦੀ ਦੇ ਪੈਰੋਲ 'ਤੇ ਆਉਣ ਨਾਲ ਲਾਅ ਐਂਡ ਆਰਡਰ ਖਰਾਬ ਤਾਂ ਨਹੀਂ ਹੋਵੇਗਾ। ਪਹਿਲਾਂ ਜ਼ਿਲ੍ਹਾ ਪੁਲਸ ਮੁਖੀ ਅਤੇ ਬਾਅਦ ਵਿੱਚ ਡਿਪਟੀ ਕਮਿਸ਼ਨਰ ਰਿਪੋਰਟ ਕਰਦਾ ਹੈ। ਉਸ ਦੇ ਬਾਅਦ ਉਹ ਰਿਪੋਰਟ ਗ੍ਰਹਿ ਅਤੇ ਜੇਲ੍ਹ ਵਿਭਾਗ ਨੂੰ ਜਾਂਦੀ ਹੈ ਤਾਂ ਜੇਲ੍ਹ ਵਿਭਾਗ ਵੱਲੋਂ ਕੈਦੀ ਨੂੰ ਨਿਰਧਾਰਤ ਸਮੇਂ ਦੇ ਲਈ ਪੈਰੋਲ 'ਤੇ ਛੱਡਿਆ ਜਾਂਦਾ ਹੈ।

ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਮੁਤਾਬਕ 4000 ਦੇ ਕਰੀਬ ਕੈਦੀਆਂ ਦੀਆਂ ਪੈਰੋਲ ਲਈ ਦਰਖਾਸਤਾਂ ਵੱਖ-ਵੱਖ ਜ਼ਿਲ੍ਹਿਆਂ ਵਿੱਚ ਅਧਿਕਾਰੀਆਂ ਦੇ



ਕੋਲ ਪਈਆਂ ਹਨ। ਰੰਧਾਵਾ ਨੇ ਕਿਹਾ ਕਿ ਜੇ ਪੈਰੋਲ ਲਈ 4000 ਦਰਖਾਸਤਾਂ ਮਨਜ਼ੂਰ ਹੋ ਜਾਣ ਤਾਂ ਇਸ ਨਾਲ ਆਰਜ਼ੀ ਤੌਰ 'ਤੇ ਜੇਲ੍ਹਾਂ ਵਿੱਚ ਕੈਦੀਆਂ ਦੀ ਗਿਣਤੀ ਘਟ ਜਾਵੇਗੀ। ਕੈਦੀ ਨੂੰ ਸਮੇਂ ਸਿਰ ਪੈਰੋਲ ਮਿਲ ਜਾਏ ਤਾਂ ਉਸ ਨਾਲ ਇੱਕ ਪ੍ਰਕਾਰ ਨਾਲ ਸੰਬੰਧਤ ਕੈਦੀ ਨੂੰ ਮਾਨਸਿਕ ਸ਼ਾਂਤੀ ਮਿਲਦੀ ਹੈ ਅਤੇ ਘਰ ਦੇ ਜ਼ਰੂਰੀ ਕੰਮ ਨਿਬੇੜਨ ਦਾ ਮੌਕਾ ਮਿਲ ਜਾਂਦਾ ਹੈ। ਕਈ ਵਾਰ ਅਜਿਹੀ ਦਰਖਾਸਤ ਕਈ ਕਈ ਮਹੀਨੇ ਜ਼ਿਲ੍ਹਾ ਅਧਿਕਾਰੀਆਂ ਕੋਲ ਹੀ ਪਈ ਰਹਿੰਦੀ ਹੈ ਅਤੇ ਕੈਦੀ ਨੂੰ ਪੈਰੋਲ ਵਿੱਚ ਜਾਣ ਨੂੰ ਦੇਰੀ ਹੋ ਜਾਂਦੀ ਹੈ।

## ਸੂਚਨਾ ਅਧਿਕਾਰ ਬਿੱਲ ਪਾਸ ਕਰਨ ਵੇਲੇ ਰਾਜ ਸਭਾ ਵਿੱਚ ਵਿਰੋਧੀ ਧਿਰ ਦੀ ਏਕਤਾ ਟੁੱਟੀ

ਨਵੀਂ ਦਿੱਲੀ, 25 ਜੁਲਾਈ, (ਪੋਸਟ ਬਿਊਰੋ)- ਪਿਛਲੀ ਲੋਕ ਸਭਾ ਦੇ ਵਕਤਸਰਕਾਰੀ ਬਿੱਲਾਂ ਨੂੰ ਪਾਸ ਕਰਨ ਵਿੱਚ ਵੱਡੀ ਰੁਕਾਵਟ ਬਣਦੀ ਰਹੀ ਰਾਜ ਸਭਾ ਵਿੱਚ ਵਿਰੋਧੀ ਧਿਰ ਦੀ ਏਕਤਾ ਵਿੱਚ ਸਰਕਾਰ ਨੇ ਅੱਜ ਵੀਰਵਾਰ ਸੰਨ੍ਹ ਲਾਉਣ ਵਿੱਚ ਸਫਲਤਾ ਹਾਸਲ ਕਰ ਲਈ। ਇਕ ਦਿਨ ਪਹਿਲਾਂ ਕਾਂਗਰਸ ਦੀ ਅਗਵਾਈਹੇਠ ਵਿਰੋਧੀ ਧਿਰਾਂ ਨੇ ਸੂਚਨਾ ਅਧਿਕਾਰ (ਆਰਟੀਆਈ) ਸੋਧ ਬਿੱਲ ਅਤੇ ਤੁਰੰਤ ਤਿੰਨ ਤਲਾਕ ਵਾਲੇ ਬਿੱਲ ਸਮੇਤ ਸੱਤ ਬਿੱਲਾਂ ਦਾ ਰਾਹ ਰੋਕਣ ਦੀ ਰਣਨੀਤੀ ਬਣਾਈ ਸੀ,ਅੱਜ ਬੀਜੂ ਜਨਤਾ ਦਲ (ਬੀਜੇਡੀ) ਅਤੇ ਤੇਲੰਗਾਨਾ ਰਾਸ਼ਟਰ ਸਮਿਤੀ (ਟੀਆਰ ਐੱਸ) ਨੇ ਸਰਕਾਰ ਦਾ ਸਾਥ ਦੇ ਕੇ ਸੂਚਨਾ ਅਧਿਕਾਰ ਕਾਨੂੰਨ ਦੀ ਸੋਧਪਾਸ ਕਰਵਾ ਦਿੱਤੀ ਹੈ। ਇਸ ਨਾਲ ਇਹ ਅਟਕਲਾਂ ਲੱਗਣ ਲੱਗੀਆਂ ਹਨ ਕਿ ਤੁਰੰਤ ਤਿੰਨ ਤਲਾਕ ਸਮੇਤ ਕੁਝ ਦੂਜੇ ਬਿੱਲਾਂ ਉੱਤੇ ਰਾਜ ਸਭਾ ਵਿੱਚ ਵਿਰੋਧੀ ਧਿਰ ਦਾ ਹਾਲੇ ਤਕ ਦਾ ਇੱਕਮੁੱਠ ਬਹੁ-ਮਤ ਅਗਲੇ ਦਿਨੀਂ ਘੱਟ-ਗਿਣਤੀ ਵਿਚ ਬਦਲ ਸਕਦਾ ਹੈ।

ਵਰਨਣ ਯੋਗ ਹੈ ਕਿ ਹਾਲੇ ਇਕ ਦਿਨ ਪਹਿਲਾਂ ਵਿਰੋਧੀ ਧਿਰ ਨੇ ਰਣਨੀਤੀ ਬਣਾਈ ਤਾਂ ਉਸ ਉੱਤੇ ਦਸਖ਼ਤ ਕਰਨ ਵਾਲਿਆਂ ਵਿਚ ਬੀਜੇਡੀ ਅਤੇ ਟੀਆਰ ਐੱਸ ਸ਼ਾਮਲ ਸਨ। ਕਿਹਾ ਜਾਂਦਾ ਹੈ ਕਿਸ਼ਾਇਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਓਡੀਸ਼ਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨਾਲ ਗੱਲ ਕੀਤੀ ਤਾਂ ਬੀਜੂ ਜਨਤਾ ਦਲ ਦਾ ਰੁਖ਼ ਬਦਲ ਗਿਆ। ਦੋ ਦਿਨ ਪਹਿਲਾਂ ਲੋਕ ਸਭਾ ਵਿੱਚ ਇਨ੍ਹਾਂ ਦੋ ਪਾਰਟੀਆਂ ਨੇ ਆਰਟੀਆਈ ਸੋਧ ਬਿੱਲ ਦਾ ਵਿਰੋਧ ਕੀਤਾ ਸੀ। ਰਾਜ ਸਭਾ ਵਿੱ-ਚਅੱਜ ਇਸ ਬਿੱਲ ਦੇ ਪੱਖ ਵਿਚ 117 ਵੋਟਾਂ ਤੇ ਵਿਰੋਧ ਵਿਚ 75 ਵੋਟਾਂ ਪਈਆਂ। ਕਾਂਗਰਸ ਤੇ ਕੁਝ ਹੋਰ ਵਿਰੋਧੀ ਪਾਰਟੀਆਂ ਨੇ ਇਸ ਮੌਕੇ ਹੰਗਾਮਾ ਕੀਤਾ ਅਤੇ ਜਦੋਂ ਵੋਟਿੰਗ ਹੋਣ ਲੱਗੀ ਤਾਂ ਮਤਦਾਨ ਹੋਣ ਤੋਂ ਬਾਅਦ ਵਾਕਆਊਟ ਕਰ ਗਏ।

ਇਸ ਤੋਂ ਪਹਿਲਾਂ ਸਰਕਾਰ ਨੇ ਆਰਟੀਆਈ ਸੋਧ ਬਿੱਲ ਉੱਤੇ ਵਿਰੋਧੀ ਧਿਰ ਦੇ ਹਰਸ਼ੱਕ ਦਾ ਇਕ-ਇਕ ਕਰਕੇ ਜਵਾਬ ਦਿੱਤਾ ਅਤੇ ਕਿਹਾ ਕਿ ਇਸ ਸੋਧ ਨਾਲ ਸਿਰਫ਼ ਸੇਵਾ ਸ਼ਰਤਾਂ ਤੇ ਤਨਖ਼ਾਹ-ਭੱਤਿਆਂ ਨੂੰ ਬਦਲਿਆ ਜਾਣਾ ਹੈ। ਨਾਲ ਇਹ ਵੀ ਸਪੱਸ਼ਟ ਕੀਤਾ ਕਿ ਮੁੱਖ ਸੂਚਨਾ ਕਮਿਸ਼ਨਰ ਦਾ ਦਰਜਾ ਸੁਪਰੀਮ ਕੋਰਟ ਦੇ ਚੀਫ ਜੱਜ ਜਾਂ ਮੁੱਖ ਚੋਣ ਕਮਿਸ਼ਨਰ ਵਰਗਾ ਨਹੀਂ ਹੈ। ਮੌਜੂਦਾ ਕਾਨੂੰਨ ਹੇਠ ਮੁੱਖ ਸੂਚਨਾ ਕਮਿਸ਼ਨਰ ਦਾ ਦਰਜਾ ਸੁਪਰੀਮ ਕੋਰਟ ਦੇ ਜੱਜ ਦੇ ਬਰਾਬਰ ਰੱਖਿਆ ਗਿਆ ਸੀ। ਕੇਂਦਰੀ ਪ੍ਰਸੋਨਲ ਰਾਜ ਮੰਤਰੀ ਡਾ. ਜਿਤੇਂਦਰ ਸਿੰਘ ਨੇ ਬਿੱਲ ਪੇਸ਼ ਕਰਦਿਆਂ ਕਿਹਾ ਕਿ ਇਸ ਸੋਧ ਨਾਲ ਆਰਟੀਆਈ ਕਮਿਸ਼ਨ ਦੀ ਖ਼ੁਦ-ਮੁਖ਼ਤਾਰੀ ਅਤੇ ਅਧਿਕਾਰਾਂ ਉੱਤੇ ਕੋਈ ਸੱਟ ਨਹੀਂ ਵੱਜੇਗੀ।

ਰਾਜ ਸਭਾ ਵਿੱਚ ਕਾਂਗਰਸ ਦੇ ਨੇਤਾ ਗ਼ੁਲਾਮ ਨਬੀ ਆਜ਼ਾਦ ਨੇ ਸਰਕਾਰ ਉੱਤੇ ਲੋਕਤੰਤਰ ਦਾਕਤਲ ਕਰਨ ਦਾ ਦੋਸ਼ ਲਾਇਆ ਤੇ ਕਿਹਾ ਕਿ ਸਰਕਾਰ ਪਾਰਲੀਮੈਂਟ ਨੂੰ ਸਰਕਾਰੀ ਵਿਭਾਗ ਵਾਂਗ ਚਲਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਅਜਿਹੀ ਸਰਕਾਰ ਉੱਤੇ ਉਨ੍ਹਾਂ ਨੂੰ ਭਰੋਸਾ ਨਹੀਂ। ਕਾਂਗਰਸ ਇਸ ਲਈ ਵੀ ਨਾਰਾਜ਼ ਸੀ ਕਿ ਉਹ ਸੋਧ ਬਿੱਲ ਨੂੰ ਸਿਲੈਕਟ ਕਮੇਟੀ ਕੋਲ ਭੇਜਣਦੀ ਮੰਗ ਕਰਦੀ ਸੀ, ਪਰ ਨੇ ਉਸ ਦੀ ਗੱਲ ਨਹੀਂ ਮੰਨੀ ਗਈ। ਲੋਕ ਸਭਾ ਵਿੱਚ ਆਰਟੀਆਈ ਸੋਧ ਬਿੱਲ ਪਹਿਲਾਂ ਪਾਸ ਹੋ ਚੁੱਕਾ ਹੈ। ਅੱਗੋਂ ਇਸ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜਿਆ ਜਾਵੇਗਾ, ਜਿੱਥੋਂ ਮਨਜ਼ੂਰੀ ਮਿਲਣ ਦੇ ਬਾਅਦ ਇਹ ਕਾਨੂੰਨ ਦਾ ਰੂਪ ਧਾਰ ਲਵੇਗਾ।




## ਚਰਚ ਦੀ ਜ਼ਮੀਨ ਉੱਤੇ ਕਬਜ਼ਾ ਕਰਨ ਲਈ ਹਥਿਆਰਬੰਦ ਲੋਕਾਂ ਦਾ ਹਮਲਾ, 207 ਉੱਤੇ ਕੇਸ ਦਰਜ

ਮੋਗਾ, 25 ਜੁਲਾਈ (ਪੋਸਟ ਬਿਊਰੋ)- ਇਸ ਨਗਰ ਦੇ ਕਰੀਬ 110 ਸਾਲ ਪੁਰ-ਾਣੇ ਚਰਚ ਦੀ ਸੌ ਕਰੋੜ ਰੁਪਏ ਮੁੱਲ ਦੀ ਜ਼ਮੀਨ ਧੋਖੇ ਨਾਲ ਵੇਚਣ ਦਾ ਮਾਮਲਾ ਸਿੱਧੀ ਟੱਕਰ ਤੱਕ ਪਹੁੰਚ ਗਿਆ ਹੈ। ਮੋਗਾ ਦੇ ਡੀ ਸੀ ਸੰਦੀਪ ਹੰਸ ਨੇ ਕੱਲ੍ਹ ਜ਼ਮੀਨ ਵੇਚਣ ਦੀ ਜਾਂਚ ਦੇ ਹੁਕਮ ਦਿੱਤੇ ਸਨ। ਇਸ ਪਿੱਛੋਂ ਦੇਰ ਰਾਤ ਹਥਿਆਰਬੰਦ ਕਰੀਬ 250 ਲੋਕ ਜ਼ਮੀਨ 'ਤੇ ਕਬਜ਼ਾ ਕਰਨ ਪਹੁੰਚ ਗਏ। ਉਹ ਰਾਤੋ-ਰਾਤ ਦੀਵਾਰ ਖੜ੍ਹੀ ਕਰ ਕੇ ਕਬਜ਼ਾ ਕਰਨ ਲਈ ਇੱਟਾਂ ਨਾਲ ਭਰੀਆਂ ਪੰਜ ਟਰਾਲੀਆਂ ਵੀ ਲੈ ਕੇ ਆਏ ਸਨ, ਪਰ ਈਸਾਈ ਭਾਈਚਾਰੇ ਦੇ ਲੋਕਾਂ ਅਤੇ ਪੁਲਸ ਦੇ ਪਹੁੰਚਦੇ ਸਾਰ ਵਾਹਨ ਤੇ ਹੋਰ ਸਾਮਾਨ ਛੱਡ ਕੇ ਭੱਜ ਗਏ। ਪੁਲਸ ਨੇ ਸੱਤ ਜਣਿਆਂ ਨੂੰ ਨਾਮਜ਼ਦ ਅਤੇ 200 ਅਣਪਛਾਤੇ ਲੋਕਾਂ 'ਤੇ ਵੀ ਕੇਸ ਦਰਜ ਕੀਤਾ ਗਿਆ ਹੈ।

ਇਸ ਚਰਚ ਨਾਲ ਸੰਬੰਧਤ ਮਿਸ਼ਨ ਸਕੂਲ ਦੇ ਪ੍ਰਿੰਸੀਪਲ ਤੇ ਚਰਚ ਪ੍ਰਾਪਰਟੀ ਦੇ ਕੰਟਰੋਲਰ ਐਲੀਸਨ ਨੇ ਦੱਸਿਆ ਕਿ ਮੰਗਲਵਾਰ ਰਾਤ ਕਰੀਬ ਸਾਢੇ ਦਸ ਵਜੇ ਸੇਂਟ ਥਾਮਸ ਸਕੂਲ ਵਾਲੀ ਥਾਂ ਕੁਝ ਲੋਕਾਂ ਦੇ ਵੜਨ 'ਤੇ ਉਨ੍ਹਾਂ ਨੇ ਚਰਚ ਦਾ ਘੰਟਾ ਖੜਕਾ ਦਿੱਤਾ। ਇਸ ਆਵਾਜ਼ ਸੁਣਦੇ ਸਾਰ ਕ੍ਰਿਸ਼ਚੀਅਨ ਸਮਾਜ ਦੇ ਕਰੀਬ ਚਾਲੀ ਲੋਕ ਉਥੇ ਪਹੁੰਚ ਗਏ ਤੇ ਗਸ਼ਤ ਕਰ ਰਹੇ ਥਾਣਾ ਸਿਟੀ-1 ਦੇ ਇੰਚਾਰਜ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਵੀ ਹਥਿਆਰਬੰਦ ਲੋਕਾਂ ਨੂੰ ਦੇਖਿਆ ਤਾਂ ਕੰਟਰੋਲ ਰੂਮ ਨੂੰ ਇਸ ਦੀ ਸੂਚਨਾ ਦਿੱਤੀ। ਇਸ ਪਿੱਛੋਂ ਡੀ ਐੱਸ ਪੀ ਸਿਟੀ ਪਰਮਜੀਤ ਸਿੰਘ, ਡੀ ਐੱਸ ਪੀ (ਐੱਚ) ਬਰਿੰਦਰ ਸਿੰਘ ਚਾਰ ਥਾਣਿਆਂ ਦੀ ਪੁਲਸ ਨਾਲ ਆ ਗਏ। ਤਦ ਤੱਕ ਹਮਲਾਵਰ ਸੇਂਟ ਥੋਮਸ ਸਕੂਲ ਦਾ ਇੱਕ ਗੇਟ ਢਾਹ ਚੁੱਕੇ ਸਨ, ਪਰ ਪੁਲਸ ਨੂੰ ਦੇਖ ਕੇ ਉਹ ਸਾਮਾਨ ਅਤੇ ਵਾਹਨ ਛੱਡ ਕੇ ਭੱਜ ਗਏ। ਲੋਕਾਂ ਨੇ ਇੱਕ ਟਰੈਕਟਰ ਨੂੰ ਅੱਗ ਲਾ ਦਿੱਤੀ।

ਵਰਨਣ ਯੋਗ ਹੈ ਕਿ ਯੂਨਾਈਟਿਡ ਚਰਚ ਆਫ ਨਾਰਦਰਨ ਇੰਡੀਆ ਟਰੱਸਟ ਦੀ ਮੋਗਾ ਦੀ ਪ੍ਰਾਪਰਟੀ ਦੀ ਦੇਖਰੇਖ ਕਰ ਰਹੇ ਐਲੀਸਨ ਨੇ ਸ਼ਿਕਾਇਤ ਦਿੱਤੀ ਸੀ ਕਿ ਉਨ੍ਹਾਂ ਦੇ ਟਰੱਸਟ ਦੇ ਨਾਂਅ ਨਾਲ ਮਿਲਦੀ-ਜੁਲਦੀ ਸੁਸਾਇਟੀ ਬਣਾ ਕੇ ਲੁਧਿਆਣਾ ਦੇ ਬੰਸੀ ਲਾਲ ਨੇ ਇਹ ਜ਼ਮੀਨ ਧੋਖੇ ਨਾਲ ਵੇਚ ਦਿੱਤੀ ਹੈ। ਇਸ ਵਿੱਚ ਤਹਿਸੀਲ ਦਫਤਰ ਦੇ ਕੁਝ ਅਧਿਕਾਰੀ ਵੀ ਸ਼ਾਮਲ ਹਨ, ਜਿਨ੍ਹਾਂ ਨੇ ਬੈਕ ਡੇਟ ਵਿੱਚ ਇੰਤਕਾਲ ਕਰ ਦਿੱਤਾ ਹੈ। ਸੌ ਕਰੋੜ ਰੁਪਏ ਦੀ ਜ਼ਮੀਨ ਸਿਰਫ 2.50 ਕਰੋੜ ਵਿੱਚ ਵੇਚੀ ਗਈ ਹੈ। ਜਿਨ੍ਹਾਂ ਲੋਕਾਂ ਨੂੰ ਜ਼ਮੀਨ ਵੇਚੀ ਗਈ, ਉਹ ਇਸ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਵਿੱਚ ਹਨ।
















# ਨਾਮੁ ਕੀ ਮਹਿਮਾ

-ਕਰਨੈਲ ਸਿੰਘ-

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ*

*ੴ ਸਤਿਗੁਰ ਪ੍ਰਸਾਦਿ॥*

*ਦੋਹਰਾ॥*

*ਮੂਕ ਉਚਰੈ ਸ਼ਾਸਤ੍ਰ ਖੱਟਿ ਪਿੰਗ ਗਿਰਨ ਚੜਿ ਜਾਇ॥*

*ਅੰਧ ਲਖੈ ਬਧਰੋ ਸੁਨੈ ਜੌ ਕਾਲ ਕ੍ਰਿਪਾ ਕਰਾਇ॥੨॥*

*ਚੌਪਈ॥*

ਕਹਾਂ ਬੁੱਧ ਪ੍ਰਭ ਸਭ ਤੁੱਛ ਹਮਾਰੀ॥
ਬਰਨਿ ਸਕੈ ਮਹਿਮਾ ਜੁਤਿਹਾਰੀ॥
ਹਮ ਨ ਸਕਤ ਕਰਿ ਸਿਫਤ ਤੁਮਾਰੀ॥
ਆਪ ਲੇਹੁ ਤੁਮ ਕਥਾ ਸੁਧਾਰੀ॥੩॥

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ॥

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥੧॥
(ਪੰਨਾ ੧੨)

ਅਰਥ: ਪਰਮ ਸਤਿਕਾਰ ਯੋਗ ਸਾਧ ਸੰਗਤਿ ਜੀਉ ਸਤਿਗੁਰੂ ਕਥਨ ਕਰਦੇ ਹਨ, ਕਿ ਹੇ ਬੰਦੇ ਤੈਨੂੰ ਜੂਨੀਆਂ ਵਿਚੋਂ ਘੁੰਮਦੇ ਨੂੰ ਇਹ ਦੁਰਲੱਭ ਦੇਹੀ ਮਿਲੀ ਹੈ ਬੰਦੇ ਦੀ, ਇਸ ਦੇ ਵਿਚ ਤੂੰ ਪਰਮਾਤਮਾ ਨੂੰ ਮਿਲ ਸਕਦਾ ਹੈਂ। ਦੁਨੀਆਂ ਦੇ ਕੰਮ ਧੰਦੇ, ਪਦਾਰਥ ਅਤੇ ਧੀਆਂ ਪੁੱਤਰ ਇਸਤ੍ਰੀ ਕੁਟੰਭ ਤੇਰੇ ਨਾਲ ਨਹੀਂ ਜਾਣਗੇ, ਤੇਰੇ ਨਾਲ ਕੇਵਲ ਇਕ ਨਾਮੁ ਹੀ ਜਾਏਗਾ, ਜੋ ਮਨੁੱਖਾ ਦੇਹੀ ਵਿਚ ਜਪ ਸਕਦਾ ਹੈਂ। ਬਾਕੀ ਚੌਰਾਸੀ ਲੱਖ ਜੂਨਾਂ ਵਿਚੋਂ ਕਿਸੇ ਵਿਚ ਨਾਮੁ ਦੀ ਪ੍ਰਾਪਤੀ ਨਹੀਂ ਹੁੰਦੀ। ਨਾਮੁ ਪੂਰਨ ਗੁਰੂਆਂ ਦੁਆਰਾ ਹੀ ਪ੍ਰਾਪਤ ਹੁੰਦਾ ਹੈ।

(ਮਨ ਦੀ ਬਾਸ਼ਨਾ ਕਰਕੇ ਜੀਵ ਚੌਰਾਸੀ ਭੁਗਤਦਾ ਹੈ)

੧. ਜੁਗਿ ਜੁਗਿ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ।
੨. ਫਿਰਿ ਫਿਰਿ ਫੇਰਿ ਵਟਾਈਐ ਗਿਆਨੀ ਹੋਇ ਮਰਮੁ ਕਉਪਾਵੈ।
੩. ਸਤਿਜੁਗਿ ਦੂਜਾ ਭਰਮੁ ਕਰਿ ਤ੍ਰੇਤੇ ਵਿਚਿ ਜੂਨੀ ਫਿਰ ਆਵੈ।
੪. ਤ੍ਰੇਤੇ ਕਰਮਾਂ ਬਾਂਧਤੇ ਦੁਆਪਰਿ ਫਿਰਿ ਅਵਤਾਰ ਕਰਾਵੈ।
੫. ਦੁਆਪਰਿ ਮਮਤਾ ਅਹੰਕਾਰ ਹਉਮੈ ਅੰਦਰਿ ਗਰਬ ਗਲਾਵੈ।
੬. ਤ੍ਰਿਹੁ ਜੁਗਾਂ ਕੇ ਕਰਮ ਕਰਿ ਜਨਮ ਮਰਨ ਸੰਸਾ ਨਾ ਚੁਕਾਵੈ।
੭. ਫਿਰਿ ਕਲਿਜੁਗ ਅੰਦਰਿ ਦੇਹਿ ਧਰਿ ਕਰਮਾਂ ਅੰਦਰ ਫੇਰਿ ਫਸਾਵੈ।
੮. ਅਉਸਰੁ ਚੁਕਾ ਹਥ ਨਾ ਆਵੈ॥੧੫॥ ਵਾਰ ੧ ਪਉੜੀ ੧੫

ਪਦ ਅਰਥ: ਮੇਰੁ = ਮਾਲਾ ਵਿਚ ਇਕ ਮੋਟਾ ਮਣਕਾ ਹੁੰਦਾ ਹੈ, ਮਰਮੁ = ਭੇਦ। ਹਉਮੈਂ = ਹੰਕਾਰ। ਅਉਸਰੁ = ਵੇਲਾ = ਸਮਾਂ=ਬੀਤਿਆ ਹੱਥ ਨਹੀਂ ਆਉਂਦਾ,

ਤਥਾ= ਕਈ ਜਨਮ ਭਏ ਕੀਟ ਪਤੰਗਾ॥
ਕਈ ਜਨਮ ਗਜ ਮੀਨ ਕੁਰੰਗਾ॥
ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥
ਮਿਲੁ ਜਗਦੀਸ ਮਿਲਨ ਕੀ ਬਰੀਆ॥
ਚਿਰੰਕਾਲ ਇਹ ਦੇਹ ਸੰਜਰੀਆ॥
ਗਉੜੀ ਮਹਲਾ ੫॥
(ਪੰਨਾ-੧੭੬)

ਇਸ ਤਰ੍ਹਾਂ ਉਪਰ ਲਿਖੀਆਂ ਜੂਨੀਆਂ ਵਿਚ ਘੁੰਮਦਾ ਆਇਆ ਹੈ ਜੀਵ, ਹੁਣ ਮਨੁੱਖਾ ਦੇਹੀ ਵਿਚ ਗੁਰੂ ਧਾਰਨ ਕਰਕੇ ਨਾਮੁ ਦੀ ਪ੍ਰਾਪਤੀ ਕਰਕੇ ਗੁਰੂਆਂ ਦੁਆਰਾ ਨਾਮੁ ਜਪਕੇ ਬੰਧਨ ਮੋਖ ਹੋ ਸਕਦਾ ਹੈ ਜੀਵ ਆਤਮਾ। ਪੰਨਾ - ੧੭੬

*ਬਿਲਾਵਲ ਮਹਲਾ ੩॥*

*ਤਥਾ: ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ॥*

*ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ*

*ਕਲਿ ਮਹਿ ਕੀਰਤਿ ਹਰਿ ਨਾਮਾ॥੨॥*

(ਪੰਨਾ ੭੯੭)

ਭਾਵ: ਚਾਰ ਜੁਗਾਂ ਦੇ ਵਿਚ ਜੀਵ ਘੁੰਮਦੇ ਫਿਰਦੇ ਹਨ ਜੂਨੀਆਂ ਵਿਚ, ਹੁਣ ਇਨ੍ਹਾਂ ਦਾ ਨਿਬੇੜਾ ਕਰਨ ਲਈ ਮਨੁੱਖਾਂ ਲਈ ਇਕ ਨਿਧਾਨਾ=ਨਾਮੁ ਦਾ ਖਜ਼ਾਨਾ ਦਿਤਾ ਹੈ ਕਿ ਕਲਜੁਗੀ ਜੀਵ ਨਾਮ ਜਪ ਕੇ ਛੇਤੀ ਹੀ ਬੰਧਨ ਮੋਖ ਹੋ ਸਕਦੇ ਹਨ। ਪਹਿਲਿਆਂ ਯੁਗਾਂ ਵਿਚ ਮਨੁੱਖ ਪ੍ਰਭੂ ਪ੍ਰਾਪਤੀ ਲਈ ਜਤ ਰੱਖਦੇ ਸਨ, ਇਸਤ੍ਰੀ ਦਾ ਵੀ ਤਿਆਗ ਕਰਦੇ ਸਨ, ਸੰਤੋਖ ਧਾਰਨ ਕਰਦੇ ਸਨ ਅਤੇ ਇੰਦਰੀਆਂ ਤੇ ਕਈ ਜੁਗਤੀਆਂ ਵਰਤਕੇ ਕੰਟਰੋਲ ਰਖਦੇ ਸਨ। ਤੀਰਥਾਂ ਦੇ ਇਸ਼ਨਾਨ ਕਰਦੇ ਸਨ। ਅਠਾਹਠ ਤੀਰਥ ਪਵਿਤਰ ਮੰਨੇ ਜਾਂਦੇ ਹਨ, ਸਾਰੀ ਜ਼ਿੰਦਗੀ ਅਠਾਹਠ ਤੀਰਥਾਂ ਦੇ ਇਸ਼ਨਾਨ ਲਈ ਲੱਗ ਜਾਂਦੀ ਸੀ, ਕਈ ਤਰ੍ਹਾਂ ਦੇ ਵਰਤ ਰੱਖਦੇ ਸਨ, ਉਹਨਾਂ ਜੁਗਾਂ ਵਿਚ ਬੰਦਿਆਂ ਦੀਆਂ ਉਮਰਾਂ ਵੀ ਲੰਬੀਆਂ ਸੀ। ਸਤਿਜੁਗ ਦੇ ਬੰਦਿਆਂ ਦੀ ਉਮਰ ਇਕ ਲੱਖ ਸਾਲ ਤ੍ਰੇਤੇ ਦੇ ਬੰਦਿਆਂ ਦੀ ਉਮਰ ਦਸ ਹਜ਼ਾਰ ਸਾਲ ਦੀ ਸੀ। ਦੁਆ-ਪਰ ਵਿਚ ਇਕ ਹਜ਼ਾਰ ਦੀ ਅਤੇ ਕਲਜੁਗ ਵਿਚ ਸੌ ਸਾਲ ਦੀ। ਉਨ੍ਹਾਂ ਜੁਗਾਂ ਦੇ ਲੋਕ ਲੰਬੀਆਂ ਉਮਰਾਂ ਭੋਗਦੇ ਸੀ ਅਤੇ ਸਾਰੀ ਉਮਰਾਂ ਇਹਨਾਂ ਕਰਮਾਂ ਧਰਮਾਂ ਵਿਚ ਲਗਾਉਂਦੇ ਸੀ, ਉਨ੍ਹਾਂ ਨੂੰ ਪ੍ਰਭੂ ਪ੍ਰਾਪਤੀ ਹੋ ਜਾਂਦੀ ਸੀ! ਕਲਜੁਗ ਦੇ ਜੀਵਾਂ ਦੀ ਉਮਰ ਬਹੁਤ ਥੋੜ੍ਹੀ ਹੈ ਸੌ ਸਾਲ। ਸੌ ਸਾਲ ਵੀ ਸਾਰੇ ਨਹੀਂ ਭੋਗਦੇ। ਵੱਡੀ ਗਿਣਤੀ ਵਿਚ ਸੱਠ ਸਾਲ ਤੋਂ ਸ਼ੁਰੂ ਹੋ ਕੇ ਅੱਸੀ ਸਾਲ ਤਕ ਚਲੇ ਜਾਂਦੇ ਹਨ, ਬਹੁਤ ਥੋੜ੍ਹੀ ਗਿਣਤੀ ਦੇ ਲੋਗ ਅੱਸੀਆਂ ਤੋਂ ਨੱਬੇ ਤਕ ਪੁੱਜਦੇ ਹਨ ਅਤੇ ਵਿਰਲੇ ਹੀ ਸੌ ਸਾਲ ਤਕ ਪੁੱਜਦੇ ਹਨ। ਕਲਯੁਗ ਦੇ ਅਖੀਰ ਵਿਚ ਬੰਦੇ ਦੀ ਉਮਰ ਬੀਸ ਸਾਲ ਰਹਿ ਜਾਵੇਗੀ। ਬਾਰਾਂ ਸਾਲ ਦੀ ਨਾਨੀ ਕਹਾਏਗੀ ਜਿੰਨੇ ਇਸ ਯੁਗ ਵਿਚ ਪਾਪ ਜ਼ਿਆਦਾ ਹੁੰਦੇ ਹਨ ਪਹਿਲਿਆਂ ਜੁਗਾਂ ਦੀ ਬਦੌਲਤ, ਉਤਨੀ ਹੀ ਉਮਰ ਘਟਦੀ ਜਾਂਦੀ ਹੈ। ਪਾਪਾਂ ਦੁਆਰਾ ਬੰਦਿਆਂ ਦੀ ਉਮਰ ਵੀ ਘੱਟਦੀ ਹੈ ਅਤੇ ਰਾਜ ਕਰਨ ਵਾਲੇ ਰਾਜੇ ਕਲਯੁਗ ਦੀ ਉਮਰ ਵੀ ਘਟਦੀ ਹੈ। ਸ਼ਾਸਤ੍ਰ 'ਚ ਲਿਖਿਆ ਹੈ ਕਿ ਕਲਯੁਗ ਦੀ ਉਮਰ ਚਾਰ ਲੱਖ ਬੱਤੀ ਹਜ਼ਾਰ ਸਾਲ ਦੀ ਹੈ ਪਰ 32000 ਭੋਗੇਗਾ, ਚਾਰ ਲੱਖ ਸਾਲ ਪਾਪਾਂ ਨੇ ਖਾ ਜਾਣੀ ਹੈ। ਸੋ ਹੁਣ ਉਥੋਂ ਹੀ ਸ਼ੁਰੂ ਕਰੀਏ ਕਲਯੁਗ ਦੇ ਜੀਵਾਂ ਦੇ ਥੋੜ੍ਹੀ ਉਮਰ ਹੋਣ ਕਰਕੇ ਇਹਨਾਂ ਨੂੰ ਨਾਮੁ ਦਾ ਖਜ਼ਾਨਾ ਦਿਤਾ ਹੈ।

*ਸਤਿਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ॥*

*ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥੧॥ ਪੰਨਾ ੩੪੬*

ਭਾਵ: ਸਤਿਜੁਗ ਦੇ ਲੋਕ ਸਤ ਰਖਦੇ ਸਨ ਅਤੇ ਤ੍ਰੇਤੇ ਦੇ ਯੱਗ ਜ਼ਿਆਦਾ ਕਰਦੇ ਸਨ। ਦੁਆਪਰ ਯੁਗ ਵਿਚ ਪੂਜਾ ਅਰਚਨਾ ਧੂਪ ਦੀਪ ਆਦਿਕ ਫੁਲਾਵਰ ਅਰਪਨ ਕਰਦੇ, ਪਰ ਕਲਯੁਗ ਦੇ ਲੋਕਾਂ ਲਈ ਇਹਨਾਂ ਚੀਜ਼ਾਂ ਕਰਮਾਂ ਧਰਮਾਂ ਦੀ ਕੋਈ ਪ੍ਰਾਪਤੀ ਨਹੀਂ ਕੁਝ ਨਹੀਂ ਮਿਲਦਾ।

*ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥ ਅਨ ਰੂਤਿ ਨਾਹੀ ਨਾਹੀ॥*

*ਮਤੁ ਭਰਮਿ ਭੂਲਹੁ ਭੂਲਹੁ॥ ਗੁਰ ਮਿਲੇ ਹਰਿ ਪਾਏ॥*

*ਜਿਸੁ ਮਸਤਕਿ ਹੈ ਲੇਖਾ॥ ਬਸੰਤ ਮਹਲਾ ੫॥*

(ਪੰਨਾ ੧੧੮੫)

ਭਾਵ: ਕਲਯੁਗ ਵਿਚ ਕਿਸੇ ਕਰਮ ਧਰਮ ਦੇ ਕਰਨ ਦੀ ਰੁਤ ਨਹੀਂ ਹੈ। ਮਤਾਂ ਭਰਮ ਵਿਚ ਭੁੱਲ ਜਾਇਓ, ਭੁੱਲ ਕੇ ਵੀ ਕਿਸੇ ਭਰਮ ਵਿਚ ਨਾ ਭੁਲਹੁ ਇਕ ਨਾਮੁ ਜਪਿਆ ਥਾਏਂ ਪੈਂਦਾ ਹੈ। ਜਿਸ ਪੁਰਸ਼ ਦੇ ਮੱਥੇ ਦਾ ਉੱਤਮ ਲੇਖ ਹੈ, ਉਸਨੇ ਪੂਰਨ ਗੁਰੂ ਨੂੰ ਮਿਲਕੇ ਹਰੀ ਨੂੰ ਪਾਇਆ ਹੈ।

*ਮਾਰੂ ਸੋਲਹੇ ਮਹਲਾ ੫॥*

*ਤਥਾ=ਰੇ ਮਨ ਲੋਭੀ ਸੁਣਿ ਮਨ ਮੇਰੇ ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ॥*

*ਬਿਨੁ ਸਤਿਗੁਰ ਪਚਿ ਮੂਏ ਸਾਕਤ ਨਿਗੁਰੇ ਗਲਿ ਜਮ ਫਾਸਾ ਹੇ॥*

*ਮਨਮੁਖਿ ਆਵੈ ਮਨਮੁਖਿ ਜਾਵੈ॥ ਮਨੁ ਮੁਖਿ ਫਿਰਿ ਫਿਰ ਚਟਾ ਖਾਵੈ॥*

*ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨਾ ਮਾਸਾ ਹੇ॥੧੨॥੧੦੭੩*

*(ਸੂਹੀ ਮਹਲਾ ੫॥)*

*ਤਥਾ= ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥*

*ਨਿਰਬਾਣੁ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥੧॥*

*ਸੰਤਹੁ ਸਾਗਰੁ ਪਾਰਿ ਉਤਰੀਐ॥ ਜੋ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ॥੧॥ ਰਹਾਉ॥*

(ਪੰਨਾ ੭੪੭)

ਸਲੋਕ

ਤਥਾ = ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ॥
ਏਕੁ ਜੁ ਸਾਧੂ ਮੋਹਿ ਮਿਲਿਓ ਤਿਨਿ ਲੀਆ ਅੰਚਲਿ ਲਾਇ॥੧੩੭੯

ਅਰਥ:- ਕਬੀਰ ਜੀ ਕਥਨ ਕਰਦੇ ਹਨ, ਹੇ ਦੁਨੀਆਂ ਦੇ ਲੋਕੋ! ਜਮਾਂ ਦਾ ਠੇਂਗਾ=ਡੰਡਾ ਬਹੁਤ ਬੁਰਾ ਹੈ, ਉਹ ਸਹਿਣਾ ਸਹਾਰਣਾ ਬਹੁਤ ਹੀ ਔਖਾ ਹੈ। ਇਕ ਸਾਧੂ ਰਾਮਾ ਨੰਦ ਜੀ ਜਦੋਂ ਮੈਨੂੰ ਮਿਲੇ ਤਾਂ ਉਨ੍ਹਾਂ ਨੇ ਮੈਨੂੰ ਦੋ ਅੱਖਰ ਰਾਮ ਸ਼ਬਦ ਦਾ ਉਪਦੇਸ਼ ਦੇ ਦਿਤਾ, ਉਸ ਅੰਚਲ ਰੂਪ ਪੱਲੇ ਨਾਲ ਲਗਾ ਲਿਆ ਜਿਸ ਕਰਕੇ ਮੈਂ ਜਮਾਂ ਤੋਂ ਬਚ ਗਿਆ ਹਾਂ।

(ਸਾਖੀ ਨਰਕਾਂ ਦੀ)

ਸ੍ਰੀ ਈਸ਼ਰ ਸਿੰਘ ਜੀ ਤੱਤ ਵੇਤੇ ਤ੍ਰੈਕਾਲ ਦ੍ਰਸ਼ੀ ਰਾੜਾ ਸਾਹਿਬ ਵਾਲੇ ਕਥਨ ਕਰਦੇ ਹਨ, ਕਿ ਕਿਸੇ ਪੁਰਖ ਨੂੰ ਇਕ ਬਿਛੂ ਡਸ ਜਾਇ ਕਿਤਨਾ ਦੁਖ ਹੁੰਦਾ ਹੈ। ਜਮ ਦੇ ਠੇਂਗੇ ਦਾ ਦੁਖ ਇਕ ਹਜ਼ਾਰ ਬਿਛੂ ਕੱਠਾ ਡੱਸ ਜਾਏ ਉਤਨਾ ਹੁੰਦਾ ਹੈ। ਇਸੇ ਤਰ੍ਹਾਂ ਕੁਟਦੇ ਮਾਰਦੇ ਜਮਦੂਤ ਜੀਵ ਨੂੰ ਵੈਤ੍ਰਣੀ ਨਦੀ ਵਿਚ ਲੰਘਾਉਂਦੇ ਹਨ, ਜਿਹੜੀ ਲਹੂ ਰਾਧ ਨਾਲ ਮੂੰਹ ਦੀਆਂ ਰਾਲਾਂ ਨਾਲ ਭਰੀ ਹੋਈ ਹੈ। ਉਸ ਦੇ ਵਿਚੋਂ ਦੀ ਪਾਪੀ ਜੀਵਾਂ ਨੂੰ ਲੰਘਾਉਂਦੇ ਹਨ, ਉਸ ਨਦੀ ਵਿਚ ਸੱਪ, ਠੂਹੇਂ ਇਸ ਜੀਵ ਨੂੰ ਵੱਢ ਵੱਢ ਖਾਂਦੇ ਹਨ, ਬੜ੍ਹਾ ਦੁਖੀ ਹੁੰਦਾ ਰੋਂਦਾ ਕੁਰਲਾਂਦਾ ਹੈ। ਇਸ ਨਦੀ ਤੋਂ ਅੱਗੇ ਨਿਕਲਦਾ ਹੈ ਤਾਂ ਅਸਪਤ੍ਰ ਨਾਮੀ ਜੰਗਲ ਆ ਜਾਂਦਾ ਹੈ, ਉਸ ਜੰਗਲ ਦੇ ਵਿਚ ਸੰਘਣੇ ਦਰਖਤ ਹਨ। ਅਸ=ਤਲਵਾਰ=ਪਤਰ=ਤੋਂ ਭਾਵ ਪੱਤੇ।ਪੱਤੇ ਤਲਵਾਰਾਂ ਜੈਸੇ ਤਿੱਖੇ ਹਨ। ਉਹਨਾਂ ਤਿੱਖੇ ਤਲਵਾਰਾਂ ਜੈਸੇ ਪੱਤਿਆਂ ਨਾਲ ਪਾਪੀ ਜੀਵਾਂ ਦਾ ਸ਼ਰੀਰ ਪੱਸਿਆ ਜਾਂਦਾ ਹੈ, ਸਾਰੇ ਸ਼ਰੀਰ ਵਿਚੋਂ ਖੂਨ ਚਲਦਾ ਹੈ ਬੜਾ ਦੁਖੀ ਹੈ। ਉਥੇ ਕੋਈ ਰਿਸ਼ਤੇਦਾਰ ਸਬੰਧੀ ਸਹਾਇਤਾ ਨਹੀਂ ਕਰ ਸਕਦਾ। ਜਿਨ੍ਹਾਂ ਦੀ ਖਾਤਰ ਪਾਪਾਂ ਦੀ ਕਮਾਈ ਕਰਕੇ ਛੱਡ ਆਇਆ ਹੈਂ। ਗਰਮ ਧਰਤੀ ਆ ਜਾਂਦੀ ਹੈ ਜੰਗਲ ਨੂੰ ਲੰਘਕੇ, ਗਰਮ ਧਰਤੀ ਵਿਚ ਸਾਰਾ ਸ਼ਰੀਰ ਅੱਗ ਵਾਂਗ ਗਰਮ ਹੋ ਜਾਂਦਾ ਹੈ ਪੈਰ ਸੜ੍ਹ ਜਾਂਦੇ ਹਨ। ਡਿੱਗ ਜਾਂਦਾ ਹੈ, ਜੰਮ ਠੇਂਗੇ ਮਾਰਕੇ ਫੇਰ ਅੱਗੇ ਤੋਰਦੇ ਹਨ, ਦੁਖੀ ਹੋ ਕੇ ਪਾਣੀ ਮੰਗਦਾ ਹੈ। ਉਹ ਹੋਰ ਕੁੱਟਦੇ ਹਨ, ਉਹ ਕਹਿੰਦੇ ਹਨ, ਤੈਨੂੰ ਪਾਣੀ ਨਹੀਂ ਤੂੰ ਤਾਂ ਆਪਣੇ ਗੁਰੂ ਨੂੰ ਹੀ ਭੋਲਾ ਭਾਲਾ ਸਮਝਦਾ ਸੀ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਿਸੇ ਰਿਸ਼ਤੇ ਵਿਚੋਂ ਲਗਦੀ ਭੈਣ ਨਾਲ ਫਰਜ਼ੀ ਅਨੰਦ ਕਾਰਜ ਕਰਵਾਏ ਸਨ, ਤੂੰ ਗੁਰੂ ਨਾਲ ਧਰੋਹ ਕਰਨ ਦਾ ਦੋਸ਼ੀ ਹੈਂ, ਦੂਜਾ ਦੋਖ ਰਿਸ਼ਤੇ ਵਿਚੋਂ ਲਗਦੀ ਭੈਣ ਨੂੰ ਪਤਨੀ ਦੇ ਰੂਪ ਵਿਚ ਪੇਸ਼ ਕੀਤਾ। ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਵਿਚ, ਤੂੰ ਬਖਸ਼ਣ ਵਾਲਾ ਨਹੀਂ ਹੈਂ। ਫੇਰ ਗਰਮ ਧਰਤੀ ਵਿਚ ਦੁਖੀ ਹੋ ਕੇ ਕਹਿੰਦਾ ਹੈ ਰੱਬ ਦੇ ਵਾਸਤੇ ਦੋ ਘੁੱਟ ਪਾਣੀ ਦੇ ਦਿਉ, ਰੱਬ ਦੇ ਵਾਸਤੇ ਪਾਉਣ ਕਰਕੇ ਜਮਦੂਤ ਕਹਿੰਦੇ ਹਨ, ਹੁਣ ਤੈਂ ਰੱਬ ਦੇ ਵਾਸਤੇ ਪਾਏ ਹਨ ਤੂੰ ਜੋ ਕਿਛੁ ਪੁੰਨ, ਦਾਨ, ਸੇਵਾ ਆਦਿਕ ਜੋ ਕਰਮ ਕੀਤੇ ਹਨ, ਉਹਨਾਂ ਵਿਚੋਂ ਕਰਮਾਂ ਧਰਮਾਂ ਦਾ ਥੋੜਾ ਫਲ ਸਾਨੂੰ ਦੇ ਦੇ ਤੈਨੂੰ ਪਾਣੀ ਪਿਆ ਦਿੰਦੇ ਹਾਂ, ਮਰਦਾ ਕੀ ਨਹੀਂ ਕਰਦਾ। ਕਹਿੰਦਾ ਹੈ ਮੈਂ ਆਪਣੇ ਕਰਮਾਂ ਧਰਮਾਂ ਦਾ ਫਲ ਤੁਹਾਨੂੰ ਦਿੰਦਾ ਹਾਂ, ਜਮਦੂਤ ਕਰਮਾਂ ਧਰਮਾਂ ਦਾ ਥੋੜਾ ਫਲ ਲੈ ਕੇ ਪਾਣੀ ਪਿਆ ਦਿੰਦੇ ਹਨ। ਇਸ ਤਰ੍ਹਾਂ ਜਮ ਮਾਰਗ ਵਿਚ ਦੋ ਤਿੰਨ ਦਫ਼ਾ ਪਾਣੀ ਪਿਆਕੇ ਉਸ ਦੇ ਸ਼ੁਭ ਕਰਮਾਂ ਦਾ ਸਾਰਾ ਫਲ ਜਮਦੂਤ ਰਸਤੇ ਵਿਚ ਲੁੱਟ ਕੇ ਖਾਲੀ ਕਰ ਦਿੰਦੇ ਹਨ। ਸਤਿਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ ਕਿ ਨਾਮੁ ਤੋਂ ਖਾਲੀ ਪੁਰਸ਼ ਦੇ ਕਰਮਾਂ ਧਰਮਾਂ ਦਾ ਫਲ ਅੱਗੇ ਜਮ ਖੋਹ ਲੈਂਦੇ ਹਨ।

*ਮਹਲਾ ੫॥*

*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥*

*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥*

(ਪੰਨਾ ੧੩੪)

ਭਾਵ:- ਇਸ ਤਰ੍ਹਾਂ ਕੁਟਮਾਰ ਖਾਂਦਾ ਧਰਮ ਰਾਜ ਦੇ ਦਰਬਾਰ ਵਿਚ ਪਹੁੰਚ ਜਾਂਦਾ ਹੈ, ਧਰਮ ਰਾਜਾ ਇਸ ਦੇ ਕਰਮਾਂ ਦਾ ਲੇਖਾ ਸੋਧ ਕੇ ਪਾਪੀ ਜੀਵ ਨੂੰ ਨਰਕਾਂ ਵਿਚ ਸੁੱਟ ਦਿੰਦਾ ਹੈ। ਚੌਰਾਸੀ ਨਰਕ ਵੀ ਕਹੇ ਜਾਂਦੇ ਹਨ ਅਤੇ ਸਤਾਰਾਂ ਨਰਕ ਵੀ ਕਹੇ ਹਨ। ਸਵਰਗ ਲੋਕ ਵਿਚ ਜਿਵੇਂ ਕਿਸੇ ਦੇ ਗੁਨਾਹ ਪਾਪ ਦੋਸ਼ ਹੁੰਦੇ ਹਨ, ਉਤਨੇ ਹੀ ਦੰਡ ਦੋਸ਼ ਸਤਾਰਾਂ ਨਰਕਾਂ ਵਿਚ ਦਿਤੇ ਜਾਂਦੇ ਹਨ, ਜਿਥੇ ਗਰਮ ਤੇਲ ਦੇ ਕੜਾਹੇ ਤਪੇ ਹੋਏ ਹਨ। ਜੀਵਾਂ ਨੂੰ ਤੇਲ ਵਿਚ ਸੁਟਿਆ ਜਾਂਦਾ ਹੈ ਅਤੇ ਜਦੋਂ ਸਤਿਗੁਰੂ ਗੋਬਿੰਦ ਸਿੰਘ ਅਵਤਾਰ ਧਾਰ ਕੇ ਮਾਤ ਲੋਕ ਵਿਚ ਆਏ ਸਨ ਤਾਂ ਚੇਤੂ ਮਸੰਦ ਜੈਸੇ ਪਾਪੀਆਂ ਲੋਭੀਆਂ ਨੂੰ ਕੜਾਹਿਆਂ ਵਿਚ ਤਲਿਆ ਸੀ। ਚੇਤੂ ਮਸੰਦ ਜੈਸੇ ਗੁਰੂ ਕਿਆਂ ਦੀ ਗੋਲਕ ਦੀ ਮਾਇਆ ਭਾਵ ਕਾਰ ਭੇਟਾ ਦੀ ਮਾਇਆ ਆਪ ਹੀ ਜ਼ਿਆਦਾ ਖਾਂਦੇ ਸਨ। ਗੁਰੂ ਜੀ ਪਾਸ ਬਹੁਤ ਹੀ ਥੋੜਾ ਹਿੱਸਾ ਦਿੰਦੇ ਸਨ। ਬਹੁਤ ਸਾਰੇ ਮਸੰਦਾਂ ਦਾ ਇਹੀ ਹਾਲ ਸੀ, ਹੁਣ ਜਿਹੜੇ ਗੁਰੂ ਕਿਆਂ ਦੀ ਗੋਲਕ ਨੂੰ ਛੱਲ ਵੱਲ ਕਰਕੇ ਖਾਂਦੇ ਹਨ ਜਾਂ ਖਾਣਗੇ ਉਨ੍ਹਾਂ ਨੂੰ ਧਰਮ ਰਾਜੇ ਦੇ ਹੁਕਮ ਦੁਆਰਾ ਤੇਲ ਦੇ ਕੜਾਹਿਆਂ ਵਿਚ ਤਲਿਆ ਜਾਂਦਾ ਹੈ। ਗਰਮ ਧਰਤੀ ਵਿਚ ਅਤੇ ਭੈਂਸਾ ਨਾਮੀ ਨਰਕ ਵਿਚ, ਇਕ ਭੈਂਸਾ=ਝੋਟਾ ਇਸ ਜੀਵ ਦੇ ਟੱਕਰਾਂ ਮਾਰਦਾ ਹੈ। ਝੂਠ ਬੋਲਣ ਵਾਲਿਆਂ ਦੇ ਸਿੱਕਾ ਢਾਲ ਕੇ ਜ਼ਬਾਨ ਉੱਤੇ ਅਤੇ ਕੰਨਾਂ ਵਿਚ ਪਾਇਆ ਜਾਂਦਾ ਹੈ। ਖੈਰ ਦਾਸ ਥੋੜੇ ਜਿਹੇ ਕਸ਼ਟ ਲਿਖ ਸਕਿਆ ਹੈ, ਹੋਰ ਕਈ ਤਰ੍ਹਾਂ ਦੇ ਭਿਆਨਕ ਕਸ਼ਟ ਮਿਲਦੇ ਹਨ। ਦਾਸ ਸਾਰੇ ਗਿਣ ਜਾਂ ਲਿਖ ਨਹੀਂ ਸਕਦਾ। ਸਤਾਰਾਂ ਨਰਕ ਉਤੇ ਹਨ ਅਤੇ ਅਠਾਰਵਾਂ ਨਰਕ ਧਰਤੀ ਉਤੇ ਹੈ। ਜਿਹੜੇ ਜੀਵ ਲੋਕ ਮਾਨਸ ਦੀ ਦੇਹੀ ਪਾ ਕੇ ਲੂਲ੍ਹੇ, ਲੰਗੜੇ, ਨੈਣ ਹੀਣ, ਪਿੰਗਲੇ, ਜਾਂ ਕਈ ਸਾਲਾਂ ਬੱਧੀ ਭਿਆਨਕ ਬੀਮਾਰੀ ਕਾਰਨ ਮੰਜਿਆਂ ਵਿਚ ਪਏ ਹਨ, ਜਾਂ ਹਸਪਤਾਲਾਂ ਵਿਚ ਪਏ ਹਨ, ਕਈਆਂ ਨੂੰ ਤਨ ਢੱਕਣ ਨੂੰ ਕਪੜਾ ਨਹੀਂ, ਪੇਟ ਭਰਕੇ ਰੋਟੀ ਨਹੀਂ ਮਿਲਦੀ। ਉਹ ਏਥੇ ਅਠਾਰਵੇਂ ਨਰਕ ਵਿਚ ਆਪਣੇ ਪੂਰਬਲੇ ਕਰਮਾਂ ਦਾ ਕਰਮ ਦੰਡ ਭੁਗਤਦੇ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਅੱਜ ਦਾ ਸਿੱਖ ਕਹਾਉਣ ਵਾਲਾ ਕਹਿੰਦਾ ਹੈ ਜੇ ਗੁਰਦੁ-ਆਰੇ ਵਿਚ ਕੋਈ ਨੁਮਾਇੰਦਗੀ ਮਿਲ ਜਾਵੇ ਤਾਂ ਗੁਰਦੁਆਰੇ ਜਾਣਾ ਹੈ ਜੇ ਨਹੀਂ ਤਾਂ ਫੇਰ ਗੁਰਦੁਆਰੇ ਕੀ ਕਰਨਾ ਹੈ। ਆਹ ਉਪਰ ਦੱਸੇ ਕਰਮ ਡੰਡ ਦਾ ਕੋਈ ਵਿਰਲਾ ਹੀ ਭੈ ਮੰਨਦਾ ਹੈ, ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਜਿਹੜੇ ਪੁਰਖ ਲੰਗਰ ਆਦਿ ਵਿਚ ਸੇਵਾ ਕਰਦੇ ਹਨ, ਉਹ ਆਪਣੇ ਆਪ ਨੂੰ ਬੜੇ ਪੁੰਨੀ ਸਮਝਦੇ ਹਨ, ਪਰ ਇਹ ਵੀ ਕਹਿੰਦੇ ਹਨ ਕਿ ਨਰਕ ਸੁਰਗ ਅੱਗੇ ਕੀਹਨੇ ਦੇਖਿਆ ਹੈ। ਸਾਧ ਸੰਗਤ ਆਪ ਅਨੁਮਾਨ ਲਾ ਲਵੋ ਕਿ ਜਿਸਨੂੰ ਗੁਰਦੁਆਰੇ ਵਿਚ ਸੇਵਾ ਕਰਕੇ ਅਜੇ ਇਹ ਨਹੀਂ ਪਤਾ ਕਿ ਅੱਗੇ ਕੋਈ ਲੇਖਾ ਵੀ ਮੰਗਿਆ ਜਾਂਦਾ ਹੈ। ਉਹ ਸੇਵਾ ਲੋਕ ਦਿਖਾਵੇ ਦੀ ਹੁੰਦੀ ਹੈ ਕਿ ਲੋਕਾਂ ਵਿਚ ਹਰਮਨ ਪਿਆਰਾ ਹੋ ਜਾਵੇ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁੱਛਦੇ ਹਾਂ ਕੇ ਅੱਗੇ ਲੇਖਾ ਕਿਵੇਂ ਲਿਆ ਜਾਂਦਾ ਹੈ।

*ਮ: ੧॥*

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥ ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥*

*ਅਜਰਾਈਲੁ ਫਰੇਸਤਾ ਹੋਸੀ ਆਇ ਤਈ॥ ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥੨॥*

(ਪੰਨਾ ੯੫੩)

*ਮਾਰੂ ਮਹਲਾ ੫॥*

*ਤਥਾ= ਬਿਰਖੈ ਹੇਠਿ ਸਭਿ ਜੰਤ ਇਕਠੇ॥ ਇਕਿ ਤਤੇ ਇਕਿ ਬੋਲਨਿ ਮਿਠੇ॥*

*ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ॥*

*ਪਾਪ ਕਰੇਦੜ ਸਰਪਰ ਮੁਠੇ॥*

*ਅਜਰਾਈਲ ਫੜੇ ਫੜਿ ਕੁਠੇ॥*

*ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ॥*

(ਪੰਨਾ ੧੦੧੯)

ਅਰਥ:- ਗੁਰੂ ਜੀ ਕਥਨ ਕਰਦੇ ਹਨ ਹੇ ਮਨ! ਤੂੰ ਸਹੀ ਸੱਚੀ ਸਿੱਖਿਆ ਸੁਣ, ਰੱਬ ਵਹੀ ਖੋਲ ਕੇ ਬੈਠੇਗਾ ਤੇਰੇ ਪਾਸੋਂ ਲੇਖਾ ਮੰਗੇਗਾ। ਜਿਨ੍ਹਾਂ ਵਲ ਪਾਪਾਂ ਦੀ ਬਾਕੀ ਰਹੀ ਉਨ੍ਹਾਂ ਆਂਕੜਿਆਂ ਹੋਇਆਂ ਨੂੰ ਤਲਬਾਂ=ਤਰੀਕਾਂ ਸਦੇ ਪੈਣਗੇ। ਅਜਰਾਈਲ ਫਰੇਸਤਾ ਹੋਸੀ ਆਇ ਤਈ। ਅਜ਼ਰਾਈਲ ਨਾਮ ਦਾ ਜੋ ਫਰੇਸਤਾ ਹੈ=ਦੇਵਤਾ ਹੈ, ਉਹ ਪਾਪੀ ਪੁਰਸ਼ ਦੇ ਸਿਰ ਉਤੇ ਤਈਨਾਤ ਹੋਵੇਗਾ। ਜਮਾਂ ਦੇ ਰਸਤੇ ਵਿਚ ਭੀੜੀ ਗਲੀ ਵਿਚ ਫਸੀ ਜਿੰਦ ਨੂੰ ਆਉਣਾ ਜਾਣਾ ਨਹੀਂ ਸੁਝਦਾ। ਕੂੜ ਨਿਖੁਟੇ=ਝੂਠ ਨੇ ਭੱਜ ਜਾਣਾ ਹੈ, ਓੜਕ=ਅੰਤ ਨੂੰ ਸੱਚ ਹੀ ਰਹੇਗਾ। ਨਾਮ ਅਤੇ ਸੱਚੀ ਕ੍ਰਿਤਿ ਕਰਮ ਰਹੇਗਾ।

# ਭਾਰਤੀ ਨਾਰੀ ਸ਼ਕਤੀ ਦੇ ਨੇ ਵੱਖ-ਵੱਖ ਰੂਪ



ਜਸਵੰਤ ਸਿੰਘ 'ਅਜੀਤ'

ਭਾਰਤੀ ਸਮਾਜ ਦੀ ਆਮ ਧਾਰਣਾ ਇਹ ਹੈ ਕਿ ਜੇ ਆਪਣੇ ਪਰਿਵਾਰਕ ਵੰਸ਼ ਨੂੰ ਅਗੇ ਵਧਾਣਾ ਹੈ ਜਾਂ ਉਸਦੀ ਗੱਡੀ ਨੂੰ ਚਲਾਈ ਰਖਣਾ ਹੈ ਤਾਂ ਪਰਿਵਾਰ ਵਿੱਚ ਇੱਕ ਲੜਕੇ (ਮੁੰਡੇ) ਦਾ ਹੋਣਾ ਬਹੁਤ ਜ਼ਰੂਰੀ ਹੈ। ਪ੍ਰੰਤੂ ਬਿਹਾਰ ਦੇ ਚੰਪਾਰਣ ਜ਼ਿਲੇ ਦੇ ਸ਼ਹਿਰ, ਬਗਹਾ ਦੀਆਂ ਬਚੀਆਂ, ਰਾਣੀ (15 ਵਰ੍ਹੇ) ਅਤੇ ਰੇਣੂ (13 ਵਰ੍ਹੇ) ਨੇ ਇਸ ਧਾਰਣਾ ਨੂੰ ਪੂਰੀ ਤਰ੍ਹਾਂ ਬਦਲ ਕੇ ਰਖ ਦਿੱਤਾ ਹੈ। ਦਸਿਆ ਜਾਂਦਾ ਹੈ ਕਿ ਸ਼ਹਿਰ ਬਗਹਾ ਤੋਂ ਲਗਭਗ 22 ਕਿਲੋਮੀਟਰ ਦੂਰ ਚੌਤਰਵਾ ਦੀਆਂ ਇਹ ਦੋਵੇਂ ਸੱਕੀਆਂ ਭੈਣਾ ਬਾਈਕ, ਕਾਰ ਅਤੇ ਹੋਰ ਚਾਰ ਪਹੀਆਂ ਗੱਡੀਆਂ ਦੇ ਪੰਚਰ ਲਾ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾ ਰਹੀਆਂ ਹਨ। ਰਾਣੀ ਦਸਦੀ ਹੈ ਕਿ ਚਾਰ-ਕੁ ਸਾਲ ਪਹਿਲਾਂ ਉਨ੍ਹਾਂ ਦੇ ਪਿਤਾ ਵਿਕਰਮ ਸ਼ਰਮਾ ਅਚਾਨਕ ਪੈਰਾਲਾਇਸਿਸ ਅਟੈਕ ਹੋਣ ਕਾਰਣ ਕੰਮ ਕਰਨ ਤੋਂ ਲਾਚਾਰ ਹੋ ਗਏ ਸਨ। ਉਨ੍ਹਾਂ ਦੇ ਸਰੀਰ ਦੇ ਸੱਜੇ ਪਾਸੇ ਦੇ ਸਾਰੇ ਦੇ ਸਾਰੇ ਅੰਗਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ। ਪਿਤਾ ਦੀ ਇਸ ਲਾਚਾਰੀ ਕਾਰਣ ਪਰਿਵਾਰ ਨੂੰ ਬੁਰੀ ਤਰ੍ਹਾਂ ਤੋੜ ਕੇ ਰਖ ਦਿੱਤਾ। ਪਰਿਵਾਰ ਨੂੰ ਦੋ ਵਕਤ ਦੀ ਰੋਟੀ ਦੇ ਵੀ ਲਾਲੇ ਪੈ ਗਏ। ਪਰਿਵਾਰ ਦੀ ਹਾਲਤ ਦਿਨ-ਬ-ਦਿਨ ਬਦ ਤੋਂ ਬਦਤਰ ਹੋਣ ਲਗੀ ਤਾਂ ਦੋਹਾਂ ਬਚੀਆਂ ਨੇ ਘਰ ਦੇ ਹਾਲਾਤ ਨੂੰ ਸੰਭਾਲਣਦੀ ਜ਼ਿਮੇਂਦਾਰੀ ਸੰਭਾਲ ਲਈ। ਰਾਣੀ, ਵਿਕਰਮ ਸ਼ਰਮਾ ਦੀ ਵੱਡੀ ਧੀ ਨੇ ਆਪਣੇ ਪਿਤਾ ਦੀ ਪੰਚਰ ਲਾਣ ਦੀ ਦੁਕਾਨ ਸੰਭਾਲਣ ਦੇ ਫੈਸਲਾ ਕਰ ਲਿਆ। ਰਾਣੀ ਨੇ ਦਸਿਆ ਕਿ ਜਦੋਂ ਉਸਨੇ ਦੁਕਾਨ ਖੋਲਣੀ ਸ਼ੁਰੂ ਕੀਤੀ ਤਾਂ ਸ਼ੁਰੂ-ਸ਼ੁਰੂ ਵਿੱਚ ਤਾਂ ਉਸਨੂੰ ਬਹੁਤ ਪ੍ਰੇਸ਼ਾਨੀ ਹੋਈ। ਲੋਕੀ ਉਸ ਪਾਸੋਂ ਪੰਚਰ ਲਗਵਾਉਣ ਲਈ ਆਉਣ ਤੋਂ ਕਤਰਾਂਦੇ ਰਹੇ। ਸ਼ਾਇਦ ਇਸਦਾ ਕਾਰਣ ਉਸਦਾ ਲੜਕੀ ਹੋਣਾ ਸੀ। ਸ਼ੁਰੂ-ਸ਼ੁਰੂ ਵਿੱਚ ਤਾਂ ਉਸਦੇ ਪੰਚਰ ਲਾਉਣ ਦੇ ਕੰਮ ਨੂੰ ਲੈ ਕੇ ਸਮਾਜ ਵਿੱਚ ਕਈ ਤਰ੍ਹਾਂ ਦੀਆਂ ਗਲਾਂ ਵੀ ਹੋਣ ਲਗ ਪਈਆਂ ਸਨ। ਪਰ ਉਹ ਆਪਣੇ ਫੈਸਲੇ ਪੁਰ ਡਟੀ ਰਹੀ। ਆਖਿਰ ਲੋਕਾਂ ਦੀ ਸੋਚ ਬਦਲਣ ਲਗ ਪਈ ਅਤੇ ਅਹਿਸਤਾ-ਆਹਿਸਤਾ ਲੋਕਾਂ ਦਾ ਵਿਸ਼ਵਾਸ ਉਸਪੁਰ ਵਧਣ ਲਗਾ। ਉਸਤੋਂ ਬਾਅਦ ਇੱਕ ਤੋਂ ਬਾਅਦ ਕਰਕੇ ਉਸਦੀ ਦੁਕਾਨ ਦੇ ਗਾਹਕ ਵੱਧਣ ਲਗ ਪਏ। ਫਲਸਰੂਪ ਪਰਿਵਾਰ ਦੀ ਗੱਡੀ ਵੀ ਚਲਣ ਲਗੀ। ਰਾਣੀ ਨੇ ਦਸਿਆ ਕਿ ਉਸਦੀ ਛੋਟੀ ਭੈਣ, ਰੇਣੂ ਵੀ ਉਸਦੇ ਨਾਲ ਕੰਮ ਵਿੱਚ ਮਦੱਦ ਕਰਨ ਲਗ ਪਈ। ਉਨ੍ਹਾਂ ਦੇ ਪਿਤਾ ਵਿਕਰਮ ਸ਼ਰਮਾ ਅਨੁਸਾਰ ਜਦੋਂ ਉਨ੍ਹਾਂ ਦੇ ਘਰ ਦੋ ਧੀਆਂ ਦਾ ਹੀ ਜਨਮ ਹੋਇਆ ਤਾਂ, ਰਿਸ਼ਤੇਦਾਰੀ ਵਿੱਚ ਕਈ ਤਰ੍ਹਾਂ ਦੇ ਤਾਅਨੇ ਮਾਰੇ ਜਾਣ ਲਗ ਪਏ। ਲੋਕੀ ਕਹਿੰਦੇ ਕਿ ਵੰਸ਼ ਅਗੇ ਕਿਵੇਂ ਚਲੇਗਾ? ਪ੍ਰੰਤੂ ਅੱਜ ਰਾਣੀ ਅਤੇ ਰੇਣੂ ਨੇ ਸਾਬਤ ਕਰ ਵਿਖਾਇਆ ਹੈ ਕਿ ਧੀਆਂ ਪੁਤਰਾਂ ਤੋਂ ਕਿਸੇ ਵੀ ਤਰ੍ਹਾਂ ਘਟ ਨਹੀਂ, ਸਗੋਂ ਉਨ੍ਹਾਂ ਨਾਲੋਂ ਦੋ ਕਦਮ ਅਗੇ ਹੀ ਹਨ।

ਸ਼ਬਾਨਾ ਆਜ਼ਮੀ ਦੀ ਟਿੱਪਣੀ ਪੁਰ ਹੰਗਾਮਾ : ਅਦਾਕਾਰਾ ਸ਼ਬਾਨਾ ਆਜ਼ਮੀ ਨੇ ਬੀਤੇ ਦਿਨੀਂ ਬਿਨਾਂ ਕਿਸੇ ਰਾਜਸੀ ਪਾਰਟੀ ਜਾਂ ਰਾਜਸੀ ਵਿਚਾਰਧਾਰਾ ਦਾ ਨਾਂ ਲਏ ਦੇ ਕਿਹਾ ਕਿ ਲੋਕਾਂ ਨੂੰ ਆਪਣੇ ਦਿਲ ਦੀ ਗਲ ਕਹਿਣ ਤੋਂ ਡਰਨਾ ਨਹੀਂ ਚਾਹੀਦਾ। ਜੇ ਅਸੀਂ ਸਮਾਜਕ ਜਾਂ ਰਾਜਨੈਤਿਕ ਹਾਲਾਤ ਦੀਆਂ ਕਮੀਆਂ ਪੁਰ ਧਿਆਨ ਨਹੀਂ ਦੇਵਾਂਗੇ ਤਾਂ ਉਹ ਕਿਵੇਂ ਸੁਧਰਣਗੀਆਂ। ਉਨ੍ਹਾਂ ਹੋਰ ਕਿਹਾ ਕਿ ਅੱਜ ਮਾਹੌਲ ਅਜਿਹਾ ਬਣਾ ਦਿੱਤਾ ਗਿਆ ਹੋਇਆ ਹੈ ਕਿ ਜੇ ਤੁਸੀਂ ਕਿਸੇ ਜਾਂ ਖਾਸ ਕਰਕੇ ਸਰਕਾਰ ਦੀ ਅਲੋਚ-ਨਾ ਕਰਦੇ ਹੋ ਤਾਂ ਤੁਹਾਨੂੰ ਤੁਰੰਤ ਹੀ ਰਾਸ਼ਟਰ-ਵਿਰੋਧੀ ਕਰਾਰ ਦੇ ਦਿਤਾ ਜਾਂਦਾ ਹੈ। ਸਾਨੂੰ ਇਨ੍ਹਾਂ ਹਾਲਾਤ ਤੋਂ ਡਰਨਾ ਨਹੀਂ ਚਾਹੀਦਾ। ਕਿਸੇ ਨੂੰ ਉਨ੍ਹਾਂ ਦੇ ਪ੍ਰਮਾਣ-ਪਤ੍ਰ ਦੀ ਲੋੜ ਨਹੀਂ।

ਆਪਣੀ ਇਸ ਟਿੱਪਣੀ ਨੂੰ ਲੈ ਕੇਅਲੋਚਨਾ ਦਾ ਸ਼ਿਕਾਰ ਬਣਾਈ ਜਾ ਰਹੀ ਸ਼ਬਾਨਾ ਆਜ਼ਮੀ ਨੇ ਅਪਣੇ ਅਲੋਚਕਾਂ ਨੂੰ ਜਵਾਬ ਦਿੰਦਿਆਂ ਹੋਇਆਂ ਧਾਰਮਕ ਕਟੜਵਾਦੀਆਂ ਪੁਰ ਨਿਸ਼ਾਨਾ ਦਾਗਿਆ। ਉਸਨੇ ਕਿਹਾ ਕਿ ਉਸਨੂੰ ਪਤਾ ਨਹੀਂ ਸੀ ਕਿ ਉਸਦੀ ਇੱਕ ਟਿੱਪਣੀ ਨੂੰ ਲੈ ਕੇ ਇਤਨਾ ਹੰਗਾਮਾਂ ਹੋਵੇਗਾ। ਉਸਨੇ ਕਿਹਾ ਕਿ ਉਸਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ ਉਹ ਦਖਣ-ਪੰਥੀਆਂ ਦੀਆਂ ਨਜ਼ਰਾਂ ਵਿੱਚ ਇਤਨੀ ਮਹਤੱਤਾ ਰਖਦੀ ਹੈ।

ਪਤਨੀਆਂ ਨੂੰ ਚਾਹੀਦੀ ਹੈ ਪਤੀਆਂ ਦੀ ਤਨਖਾਹ ਦੀ ਜਾਣਕਾਰੀ : ਖਬਰਾਂ ਅਨੁਸਾਰ ਝਾਰਖੰਡ ਵਿੱਚ ਸੂਚਨਾ ਦੇ ਅਧਿਕਾਰ (ਆਰਟੀਆਈ) ਅਧੀਨ ਪਤਨੀਆਂ ਆਪਣੇ ਪਤੀਆਂ ਦੀਆਂ ਪੇ-ਸਲਿਪਾਂ (ਤਨਖਾਹ ਦੀ ਪਰਚੀ) ਦੀ ਮੰਗ ਕਰ ਰਹੀਆਂ ਹਨ। ਪਤਾ ਲਗਾ ਹੈ ਕਿ ਇਸੇ ਅਧਿਕਾਰ ਅਧੀਨ ਹੀ ਉਹ ਦਰਖਾਸਤਾਂ ਦੇ ਕੇ ਪਤੀ ਦੀ ਸਰਵਿਸ-ਬੁਕ ਅਤੇ ਉਸਦੀ ਨੌਕਰੀ ਨਾਲ ਜੁੜੇ ਦਸਤਾਵੇਜ਼ਾਂ ਦੀ ਮੰਗ ਵੀ ਕਰ ਰਹੀਆਂ ਹਨ। ਦਸਿਆ ਜਾਂਦਾ ਹੈ ਕਿ ਇਤਨਾ ਹੀ ਨਹੀਂ, ਉਹ ਆਪਣੇ ਸਸ-ਸਹੁਰੇ ਦੀ ਜਾਇਦਾਦ ਅਤੇ ਆਮਦਨੀ ਦੇ ਵੇਰਵਿਆਂ ਨੂੰ ਜਾਣਨ ਲਈ ਵੀ ਆਰਟੀਆਈ ਦਾ ਸਹਾਰਾ ਲੈ ਰਹੀਆਂ ਹਨ। ਦਸਿਆ ਜਾਂਦਾ ਹੈ ਕਿ ਜਨ ਸੂਚਨਾ ਅਧਿਕਾਰੀਆਂ ਨੇ ਅਜਿਹੇ ਕਈ ਮਾਮਲਿਆਂ ਵਿੱਚ ਮੁਲਾਜ਼ਮਾਂ ਦੀ ਨਿਜੀ ਜਾਣਕਾਰੀ ਜਾਂ ਉਨ੍ਹਾਂ ਦੀ ਸਰਵਿਸ-ਬੁਕ ਦੇਣ ਤੋਂ ਇਨਕਾਰ ਕਰ ਦਿੱਤਾ। ਇਸਤੋਂ ਬਾਅਦ ਦਰਜਨਾਂ ਅਜਿਹੇ ਮਾਮਲੇ ਰਾਜ ਸੂਚਨਾ ਕਮਿਸ਼ਨ ਪਾਸ ਆ ਗਏ। ਕਮਿਸ਼ਨ ਨੇ ਅਜਿਹੇ ਇੱਕ ਮਾਮਲੇ ਵਿੱਚ ਨਿਜੀ ਜਾਣਕਾਰੀ ਉਪਲਬੱਧ ਨਾ ਕਰਵਾਏ ਜਾਣ ਦੀ ਮੂਲ ਭਾਵਨਾ ਨੂੰ ਕਾਇਮ ਰਖਦਿਆਂ, ਪਤਨੀ ਦੇ ਮਾਮਲੇ ਵਿੱਚ ਛੋਟ ਦੇਣ ਲਈ ਕਹਿ ਦਿੱਤਾ। ਹਾਲਾਂਕਿ ਅਜਿਹੇ ਮਾਮਲਿਆਂ ਦੇ ਸੰਬੰਧ ਵਿੱਚ ਰਾਜ ਸਰਕਾਰ ਵਲੋਂ ਕੋਈ ਆਦੇਸ਼ ਜਾਰੀ ਨਹੀਂ ਕੀਤਾ ਗਿਆ। ਮੰਨਿਆ ਜਾਂਦਾ ਹੈ ਕਿ ਅਜਿਹੀ ਜਾਣਕਾਰੀ ਮੰਗੇ ਜਾਣ ਦੇ ਕਈ ਕਾਰਣ ਹੋ ਸਕਦੇ ਹਨ। ਇੱਕ ਤਾਂ ਇਹ ਕਿ ਔਰਤਾਂ ਜਾਂ ਰਿਸ਼ਤੇਦਾਰ ਵੱਖ-ਵੱਖ ਕਾਰਣਾਂ ਕਰ ਕੇ ਪਤੀ ਜਾਂ ਆਪਣੇ ਨਜ਼ਦੀਕੀ ਦੀ ਆਮਦਨੀ ਬਾਰੇ ਜਾਣਨਾ ਚਾਹੁੰਦੇ ਹਨ। ਦੂਸਰਾ, ਪਤੀ ਨਾਲ ਝਗੜਾ ਹੋਣ ਦੀ ਦਸ਼ਾ ਵਿੱਚ ਵੀ ਪਤਨੀ ਆਪਣੇ ਪਤੀ ਦੀ ਸਾਰੀ ਕਮਾਈ ਅਤੇ ਉਸਦੇ ਸ੍ਰੋਤਾਂ ਦੇ ਸੰਬੰਧ ਵਿੱਚ ਜਾਣੂ ਹੋਣਾ ਚਾਹੁੰਦੀ ਹੈ। ਤੀਜਾ, ਜਾਇਦਾਦ ਦੀ ਵੰਡ ਦੇ ਸਮੇਂ ਪਿਤਾ ਦਾ ਝੁਕਾਉ ਕਿਸੇ ਇੱਕ ਭਰਾ ਵਲ ਹੋਣ ਦੇ ਸ਼ਕ ਕਾਰਣ ਵੀ ਲੋਕੀ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਹਨ।

ਪਤੀ ਦੇ ਪੈਸੇ ਅਤੇ ਪਤੀ ਦੀ ਹੀ ਸੁਪਾਰੀ : ਖਬਰਾਂ ਅਨੁਸਾਰ ਦਿੱਲੀ ਦੇ ਭਲਸਵਾ ਡੇਰੀ ਇਲਾਕੇ ਦੀ ਇੱਕ ਔਰਤ ਨੇ ਪ੍ਰੇਮੀ ਨਾਲ ਮਿਲਕੇ ਆਪਣੇ ਪਤੀ ਦਾ ਕਤਲ ਕਰਵਾਉਣ ਦੀ ਸਾਜ਼ਿਸ਼ ਰਚੀ ਅਤੇ ਇਸ ਸਾਜ਼ਿਸ਼ ਨੂੰ ਸਿਰੇ ਚਾੜ੍ਹਨ ਲਈ ਉਸਨੇ ਡੇਢ ਲੱਖ ਰੁਪਏ ਵਿੱਚ ਭਾੜੇ ਦੇ ਕਾਤਲਾਂ ਨਾਲ ਪਤੀ ਦਾ ਕਤਲ ਕਰਵਾਣ ਦਾ ਸੌਦਾ ਕਰ ਲਿਆ। ਇਸ ਵਿਚੋਂ 50 ਹਜ਼ਾਰ ਦੀ ਰਕਮ ਪੇਸ਼ਗੀ ਦੇਣ ਲਈ ਉਸਨੇ ਆਪਣੇ ਪਤੀ ਦੀ ਤਿਜੋਰੀ ਵਿਚੋਂ ਹੀ ਚੋਰੀ ਕਰ ਲਈ। ਪੁਲਿਸ ਨੇ ਦੋਸ਼ੀ ਔਰਤ ਅਤੇ ਉਸਦੇ ਪ੍ਰੇਮੀ ਨੂੰ ਗਿਰਫਤਾਰ ਕਰ ਲਿਆ। ਪੁਲਿਸ ਅਨੁਸਾਰ ਇਸ ਔਰਤ ਦਾ ਪਤੀ, ਜੋ 42 ਸਾਲਾਂ ਦਾ ਸੀ, ਭਲਸਵਾ ਡੇਰੀ ਇਲਾਕੇ ਵਿੱਚ ਰਹਿੰਦਾ ਸੀ। ਉਸਦੇ ਪਰਿਵਾਰ ਵਿੱਚ 38 ਵਰ੍ਹਿਆਂ ਦੀ ਪਤਨੀ ਅਤੇ ਤਿੰਨ ਬੱਚੇ ਹਨ। ਪਤੀ ਦੀ ਮੰਗਲ ਬਜ਼ਾਰ ਰੋਡ 'ਤੇ ਫਰਨੀਚਰ ਦੀ ਦੁਕਾਨ ਹੈ, ਉਹ ਆਪਣੀ ਦੁਕਾਨ ਪੁਰ ਬੈਠਾ ਹੋਇਆ ਸੀ ਕਿ ਇਤਨੇ ਵਿੱਚ ਦੋ ਨੌਜਵਾਨਾਂ ਨੇ ਉਸ ਪੁਰ ਅੰਧਾਧੁੰਦ ਗੋਲੀਆਂ ਚਲਾਣੀਆਂ ਸ਼ੁਰੂ ਕਰ ਕੇ ਉਸਦੀ ਹਤਿਆ ਕਰ ਦਿੱਤੀ। ਜਾਂਚ ਦੌਰਾਨ ਪਤਾ ਚਲਿਆ ਕਿ ਕਾਤਲਾਂ ਨੇ ਦੁਕਾਨ ਤੋਂ ਕੁਝ ਵੀ ਨਹੀਂ ਸੀ ਚੁਰਾਇਆ। ਸੀਸੀਟੀਵੀ ਫੁਟੇਜ ਤੋਂ ਕਾਤਲ ਉਸਦੇ ਘਰ ਵਲ ਜਾਂਦੇ ਨਜ਼ਰ ਆਏ। ਇਸਤੇ ਪੁਲਿਸ ਨੇ ਸ਼ਕ ਦੇ ਅਧਾਰ ਤੇ ਉਸਦੀ ਪਤਨੀ ਤੋਂ ਸਖਤੀ ਨਾਲ ਪੁਛ-ਗਿਛ ਕੀਤੀ, ਜਿਸ ਵਿੱਚ ਸਾਰਾ ਸੱਚ ਸਾਹਮਣੇ ਆ ਗਿਆ।

...ਅਤੇ ਅੰਤ ਵਿੱਚ :ਦਿੱਲੀ ਹਾਈਕੋਰਟ ਦੇ ਵਿਦਵਾਨ ਜੱਜਾਂ, ਜਸਟਿਸ ਡੀ ਐਨ ਪਟੇਲ ਅਤੇ ਜਸਟਿਸ ਸੀ ਹਰੀ. ਸ਼ੰਕਰ ਪੁਰ ਅਧਾਰਤ ਬੈਂਚ ਨੇ ਕੇਂਦਰ ਸਰਕਾਰ ਪਾਸੋਂ ਇਹ ਪੁਛਿਆ ਹੈ ਕਿ ਉਹ ਅਦਾਲਤ ਨੂੰ ਇਹ ਦਸੇ ਕਿ ਕੀ ਵਿਆਹ ਹੋਣ ਤੋਂ ਬਾਅਦ ਔਰਤਾਂ ਅਤੇ ਮਰਦਾਂ ਵਿੱਚ ਕਿਸ ਚੀਜ਼ ਦੀ ਕਮੀ ਆ ਜਾਂਦੀ ਹੈ, ਜੋ ਉਨ੍ਹਾਂ (ਵਿਆਹਿਆਂ) ਨੂੰ ਸੈਨਾ ਦੇ ਜੱਜ ਐਡਵੋਕੇਟ ਜਨਰਲ (ਜੈਗ) ਅਰਥਾਤ ਕਾਨੂੰਨੀ ਸ਼ਾਖਾ ਵਿੱਚ ਨਿਯੁਕਤ ਨਹੀਂ ਕੀਤਾ ਜਾਂਦਾ। ਬੈਂਚ ਨੇ ਇਹ ਜਾਣਕਾਰੀ ਆਪਣੇ ਸਾਹਮਣੇ ਦਾਖਲ ਹੋਈ ਇੱਕ ਜਨਹਿਤ ਅਪੀਲ ਪੁਰ ਸੁਣਵਾਈ ਕਰਦਿਆਂ ਮੰਗੀ।


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

ਸੰਤ ਰਾਮਪਾਲ ਜੀ ਮਹਾਰਾਜ ਰੂਹਾਨੀ ਵਿਚਾਰ ਲਈ ਬਰੈਂਪਟਨ ਆ ਰਹੇ ਹਨ
Sunday, September 1, 2019 from 10am to 12pm
Venue: 31 Kilkarrin Rd, Brampton, ON L7A 4C6

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment

Jagdish Grewal
Sales Representative
(416) 970-5005
Office: 905-488-2100 Ext. 348



Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101

# 1967 ਵਾਂਗ ਫੇਰ 'ਆਇਆ ਰਾਮ, ਗਿਆ ਰਾਮ' ਦਾ ਯੁੱਗ ਸ਼ੁਰੂ

-ਪੂਨਮ ਆਈ ਕੌਸ਼ਿਸ਼

ਜਦੋਂ ਸੋਨਾ ਛਣਕਦਾ ਹੈ ਤਾਂ ਜ਼ੁਬਾਨ ਬੰਦ ਹੋ ਜਾਂਦੀ ਹੈ। ਪਿਛਲੇ ਪੰਦਰਵਾੜੇ ਤੋਂ ਦੇਸ਼ ਵਿੱਚ ਇਸ ਘੁੰਮਦੀ ਕੁਰਸੀ ਦੀ ਰਾਜਨੀਤੀ ਬਾਖੂਬੀ ਦੇਖਣ ਨੂੰ ਮਿਲ ਰਹੀ ਹੈ। ਨਵੀਂ ਦਿੱਲੀ ਤੋਂ ਕਰਨਾਟਕ ਤੇ ਆਂਧਰਾ, ਤੇਲੰਗਾਨਾ ਤੋਂ ਗੋਆ ਤੱਕ ਇਸੇ ਤਰ੍ਹਾਂ ਦੀ ਰਾਜਨੀਤੀ ਦੇਖਣ ਨੂੰ ਮਿਲੀ ਹੈ। ਅੱਜਕੱਲ੍ਹ ਦਬ-ਬਦਲੂਆਂ ਦਾ ਜ਼ਮਾਨਾ ਹੈ, ਕਿਉਂਕਿ ਸਿਆਸੀ ਨੈਤਿਕਤਾ 'ਚ ਹਰ ਕੀਮਤ ਉੱਤੇ ਸੱਤਾ ਇੱਕ ਨਵਾਂ ਮਾਪਦੰਡ ਬਣ ਗਈ ਹੈ। ਪੈਸਾ ਹੈ ਤਾਂ ਸੱਤਾ ਹੈ। ਇਸ ਤੱਥ 'ਤੇ ਬੰਗਲੌਰ ਦੀ ਵਿਧਾਨ ਸਭਾ ਵਿੱਚ ਕੁਮਾਰਸਵਾਮੀ ਦੀ ਅਗਵਾਈ 'ਚ ਜਨਤਾ ਦਲ (ਐੱਸ)-ਕਾਂਗਰਸ ਸਰਕਾਰ ਅਤੇ ਭਾਜਪਾ ਵਿਚਾਲੇ ਚੱਲਦੀ ਰੱਸਾਕਸ਼ੀ ਨੇ ਖੂਬ ਰੌਸ਼ਨੀ ਪਾਈ ਹੈ। ਕੁਮਾਰਸਵਾਮੀ ਨੇ ਭਾਜਪਾ 'ਤੇ ਦੋਸ਼ ਲਾਇਆ ਹੈ ਕਿ ਉਸ ਨੇ ਉਸ ਦੇ 15 ਫਰਾਰ ਵਿਧਾਇਕਾਂ ਨੂੰ ਰਿਸ਼ਵਤ ਦਿੱਤੀ ਹੈ ਅਤੇ ਉਨ੍ਹਾਂ ਨੂੰ ਮੁੰਬਈ ਦੇ ਇੱਕ ਹੋਟਲ ਵਿੱਚ ਬੰਦ ਰੱਖਿਆ ਹੈ, ਜਿਸ ਕਾਰਨ 224 ਮੈਂਬਰੀ ਸਦਨ 'ਚ ਸੱਤਾਧਾਰੀ ਗਠਜੋੜ ਦੀ ਮੈਂਬਰ ਗਿਣਤੀ 117 ਤੋਂ ਘਟ ਕੇ 99 ਰਹਿ ਗਈ ਤੇ ਭਾਜਪਾ ਇਸ ਦਾ ਫਾਇਦਾ ਉਠਾਉਣ ਲਈ ਤਿਆਰ ਬੈਠੀ ਹੈ। ਇਸ ਚੱਕਰ ਵਿੱਚ ਕਿਸੇ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਕਿ ਇਸ ਨਾਲ ਸਾਡੇ ਜਮਹੂਰੀ ਮਾਪਦੰਡਾਂ ਤੇ ਕੰਮ-ਕਾਜ ਨੂੰ ਹੋਰ ਨੁਕਸਾਨ ਪਹੁੰਚੇਗਾ।

ਪਿਛਲੇ ਹਫਤੇ ਨਵੀਂ ਦਿੱਲੀ ਵਿੱਚ ਵੀ ਇੱਕ ਸਿਆਸੀ ਖੇਡ ਖੇਡੀ ਗਈ, ਜਦੋਂ ਤੇਲਗੂ ਦੇਸਮ ਪਾਰਟੀ ਦੇ ਚਾਰ ਰਾਜ ਸਭਾ ਮੈਂਬਰ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਗੋਆ ਵਿੱਚ 10 ਕਾਂਗਰਸ ਦੇ ਵਿਧਾਇਕ ਭਾਜਪਾ ਵਿੱਚ ਸ਼ਾਮਲ ਹੋ ਗਏ ਅਤੇ ਉਨ੍ਹਾਂ ਵਿੱਚੋਂ ਤਿੰਨ ਵਿਧਾਇਕਾਂ ਨੂੰ ਮੰਤਰੀ ਬਣਾ ਦਿੱਤਾ ਗਿਆ, ਜਿਸ ਨਾਲ ਚਾਲੀ ਮੈਂਬਰੀ ਵਿਧਾਨ ਸਭਾ ਵਿੱਚ ਭਾਜਪਾ ਦੇ ਵਿਧਾਇਕਾਂ ਦੀ ਗਿਣਤੀ 27 ਤੱਕ ਪਹੁੰਚ ਗਈ। ਆਂਧਰਾ ਪ੍ਰਦੇਸ਼ ਵਿੱਚ ਤੇਲਗੂ ਦੇਸਮ ਪਾਰਟੀ ਦੇ ਵਿਧਾਇਕ ਭਾਜਪਾ ਵਿੱਚ ਸ਼ਾਮਲ ਹੋਣ ਲਈ ਤਿਆਰ ਬੈਠੇ ਹਨ। ਅੱਜ ਭਾਜਪਾ ਆਪਣੇ ਦਲ-ਬਦਲੂਆਂ ਦੇ ਮਹਾਗਠਜੋੜ ਰਾਹੀਂ ਦੇਸ਼ ਦੇ ਵੱਡੇ ਜ਼ਮੀਨੀ ਹਿੱਸੇ ਉੱਤੇ ਸੱਤਾ ਵਿੱਚ ਹੈ ਅਤੇ ਕਾਂਗਰਸ ਗਿਣੇ ਚੁਣੇ ਸੂਬਿਆਂ ਤੱਕ ਸਿਮਟ ਗਈ ਹੈ।

ਉੱਤਰ ਪ੍ਰਦੇਸ਼, ਪੱਛਮੀ ਬੰਗਾਲ ਅਤੇ ਆਂਧਰਾ ਪ੍ਰਦੇਸ਼ ਵਰਗੇ ਰਾਜਾਂ ਵਿੱਚ ਭਾਜਪਾ ਆਪਣੀ ਪੈਠ ਬਣਾਉਣ ਦਾ ਯਤਨ ਕਰ ਰਹੀ ਹੈ ਤੇ ਇਸ ਦੇ ਲਈ ਉਹ ਦੂਜੇ ਦਲਾਂ ਨੂੰ ਸੰਨ੍ਹ ਲਾ ਰਹੀ ਹੈ, ਜਿਸ ਤੋਂ ਸਾਫ ਹੈ ਕਿ ਸਿਆਸੀ ਵਿਰੋਧੀਆਂ ਦੀ ਤਾਕਤ ਘੱਟ ਕਰਨਾ ਉਸ ਦਾ ਉਦੇਸ਼ ਬਣ ਗਿਆ ਹੈ ਤੇ ਉਦੇਸ਼ ਪੂਰਾ ਹੋਣ ਤੋਂ ਬਾਅਦ ਉਹ ਤੁਹਾਨੂੰ ਵੀ ਛੱਡ ਦੇਵੇਗੀ। ਅੱਜ ਫਿਰ 1967 ਦੀ 'ਆਯਾ ਰਾਮ, ਗਯਾ ਰਾਮ' ਵਾਲੀ ਸੰਸਕ੍ਰਿਤੀ ਵਾਂਗ ਬਣ ਗਈ ਹੈ, ਜਦੋਂ ਹਰਿਆਣਾ ਵਿੱਚ ਆਜ਼ਾਦ ਵਿਧਾਇਕ ਗਯਾ ਰਾਮ ਨੇ 15 ਦਿਨਾਂ ਵਿੱਚ ਤਿੰਨ ਪਾਰਟੀਆਂ ਬਦਲੀਆਂ



ਸਨ। ਉਸ ਪਿੱਛੋਂ ਭਜਨ ਲਾਲ ਨੇ ਆਪਣੀ ਜਨਤਾ ਪਾਰਟੀ ਦੀ ਸਰਕਾਰ ਨੂੰ ਕਾਂਗਰਸ ਵਿੱਚ ਸ਼ਾਮਲ ਕਰ ਦਿੱਤਾ ਸੀ, ਜਿਸ ਤੋਂ ਬਾਅਦ 1960 ਤੋਂ 1980 ਦੇ ਦਹਾਕੇ ਤੱਕ ਵੱਡੀ ਗਿਣਤੀ ਵਿੱਚ ਦਲ-ਬਦਲੀ ਹੁੰਦੀ ਰਹੀ। 1993 ਵਿੱਚ ਝਾਰਖੰਡ ਮੁਕਤੀ ਮੋਰਚਾ ਦੇ ਪਾਰਲੀਮੈਂਟ ਮੈਂਬਰ ਸੂਰਜ ਮੰਡਲ ਨੇ ਲੋਕ ਸਭਾ ਵਿੱਚ ਕਿਹਾ ਸੀ ਕਿ "ਪੈਸਾ ਬੋਰੀਆਂ 'ਚ ਆਉਂਦਾ ਹੈ। ਦੋ ਸਾਨ੍ਹਾਂ ਵਿਚਾਲੇ ਕੋਈ ਵਿਚਾਰਾ ਕੀ ਕਰੇ?"

ਰਾਜਨੇਤਾ ਗਿਰਗਿਟ ਵਾਂਗ ਇੱਕ ਪਾਰਟੀ ਤੋਂ ਦੂਜੀ ਵੱਲ ਆਪਣੀ ਵਫਾ ਬਦਲਦੇ ਹਨ ਤੇ ਇਸ ਦੇ ਲਈ ਪੈਸੇ ਅਤੇ ਸੱਤਾ ਦਾ ਮੁੱਲ ਹੁੰਦਾ ਹੈ ਅਤੇ ਇਹ ਵਿਧਾਇਕ ਦੇ ਪ੍ਰਭਾਵ 'ਤੇ ਨਿਰਭਰ ਕਰਦਾ ਹੈ। ਜੋ ਦਲ-ਬਦਲੀ ਕਰਦਾ ਹੈ, ਉਸ ਨੂੰ ਆਲੀਸ਼ਨ ਹੋਟਲਾਂ ਵਿੱਚ ਠਹਿਰਾਇਆ ਜਾਂਦਾ ਹੈ ਅਤੇ ਉਥੇ ਹੀ ਸਰਕਾਰ ਡੇਗੀ ਜਾਂਦੀ ਅਤੇ ਬਣਦੀ ਹੈ ਅਤੇ ਇਸ ਸਭ 'ਚ ਵਿਚਾਰਧਾਰਾ, ਸਿਧਾਂਤਾਂ ਅਤੇ ਨਿੱਜੀ ਪਸੰਦ ਦਾ ਕੋਈ ਥਾਂ ਨਹੀਂ ਹੁੰਦਾ। ਦਲ ਬਦਲੀ ਕਰਨ ਵਾਲੇ ਅਤੇ ਇਸ ਦੇ ਨਵੇਂ ਲਾਭ ਪਾਤਰੀਆਂ ਨੂੰ ਸੁਰੱਖਿਆ ਤੇ ਸੱਤਾ ਵਿੱਚ ਹਿੱਸਾ ਦਿੱਤਾ ਜਾਂਦਾ ਹੈ, ਜਿਸ ਕਾਰਨ ਵੱਖ ਵੱਖ ਵਿਚਾਰਧਾਰਾ ਵਾਲੀਆਂ ਪਾਰਟੀਆਂ ਇਕਜੁੱਟ ਹੋ ਜਾਂਦੀਆਂ ਹਨ ਅਤੇ ਵਿਧਾਇਕਾਂ ਦੀ ਸੰਨ੍ਹ-ਮਾਰੀ ਨੂੰ ਸਮਾਰਟ ਸਿਆਸੀ ਮੈਨੇਜਮੈਂਟ ਕਿਹਾ ਜਾਂਦਾ ਹੈ। ਪੈਸੇ ਦਾ ਲਾਲਚ ਦਿੱਤਾ ਜਾਂਦਾ ਹੈ, ਧਮਕਾਉਣ ਲਈ ਸਰਕਾਰੀ ਤੰਤਰ ਦੀ ਵਰਤੋਂ ਕੀਤੀ ਜਾਂਦੀ ਹੈ। ਜੇਤੂ ਕੋਈ ਪਾਪ ਨਹੀਂ ਕਰਦਾ, ਪਰ ਜਦੋਂ ਕੋਈ ਦਲ-ਬਦਲੂ ਸੱਤਾਧਾਰੀ ਪਾਰਟੀ ਵਿੱਚ ਸ਼ਾਮਲ ਹੁੰਦਾ ਹੈ ਤਾਂ ਉਸ ਦੇ ਸਾਰੇ ਅਪਰਾਧ ਅਤੇ ਪਾਪ ਧੋਤੇ ਜਾਂਦੇ ਹਨ ਅਤੇ ਸੱਤਾ ਦੀ ਖਾਤਰ ਦੋਸਤ ਅਤੇ ਦੁਸ਼ਮਣ ਸਭ ਇੱਕ ਹੋ ਜਾਂਦੇ ਹਨ।

ਹੈਰਾਨੀ ਵਾਲੀ ਗੱਲ ਇਹ ਹੈ ਕਿ 1967 ਅਤੇ 1983 ਵਿਚਾਲੇ ਪਾਰਲੀਮੈਂਟ ਵਿੱਚ 162 ਦਲ-ਬਦਲੀਆਂ ਹੋਈਆਂ ਅਤੇ ਵਿਧਾਨ ਸਭਾਵਾਂ ਵਿੱਚ 2700 ਦਲ-ਬਦਲੀਆਂ ਹੋਈਆਂ, ਜਿਨ੍ਹਾਂ ਵਿੱਚੋਂ 212 ਦਲ-ਬਦਲੂਆਂ ਨੂੰ ਮੰਤਰੀ ਬਣਾਇਆ ਗਿਆ ਅਤੇ 15 ਦਲ-ਬਦਲੂ ਮੁੱਖ ਮੰਤਰੀ ਬਣੇ। ਨੇਤਾਵਾਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਇਨ੍ਹਾਂ ਦਾ ਕਿਸੇ ਖਾਸ ਪਾਰਟੀ ਵੱਲ ਝੁਕਾਅ ਨਹੀਂ ਅਤੇ ਉਹ ਉਸ ਦੇ ਨਾਲ ਮਿਲ ਜਾਣਗੇ, ਜੋ ਉਨ੍ਹਾਂ ਦੀ ਸਭ ਤੋਂ ਵੱਡੀ ਬੋਲੀ ਲਾਏਗਾ ਅਤੇ ਉਨ੍ਹਾਂ ਨੂੰ ਪੈਸਾ ਤੇ ਕੁਰਸੀ ਦੇਵੇਗਾ। 1985 ਵਿੱਚ ਦਲ ਬਦਲੀ ਰੋਕੂ ਕਾਨੂੰਨ ਬਣਨ ਨਾਲ ਇਸ ਉੱਤੇ ਆਰਜ਼ੀ ਤੌਰ 'ਤੇ ਰੋਕ ਲੱਗੀ, ਪਰ ਸੱਤਾਧਾਰੀ ਪਾਰਟੀ ਨੇ ਆਪਣੇ ਪਾਰਲੀਮੈਂਟ ਮੈਂਬਰਾਂ ਜਾਂ ਵਿਧਾਇਕਾਂ ਨੂੰ ਲੋਕ ਸਭਾ ਤੇ ਸੂਬਾਈ ਵਿਧਾਨ ਸਭਾਵਾਂ ਦੇ ਸਪੀਕਰ ਬਣਾ ਕੇ ਇਸ ਕਾਨੂੰਨ ਦੀ ਉਲੰਘਣਾ ਕੀਤੀ।

ਕਾਨੂੰਨ ਕਹਿੰਦਾ ਹੈ ਕਿ ਲੋਕ ਸਭਾ ਜਾਂ ਵਿਧਾਨ ਸਭਾ ਦਾ ਸਪੀਕਰ ਦੂਸਰੇ ਮੈਂਬਰ ਦੀ ਅਰਜ਼ੀ ਦੇ ਆਧਾਰ 'ਤੇ ਦਲ ਬਦਲੂ ਨੂੰ ਅਯੋਗ ਐਲਾਨ ਕਰ ਸਕਦਾ ਹੈ ਜਾਂ ਉਸ ਨੂੰ ਅਸਤੀਫਾ ਦੇਣਾ ਪੈਂਦਾ ਹੈ ਤੇ ਇਸ ਵਿੱਚ ਜੇ ਦਲ ਬਦਲੀ ਸੱਤਾਧਾਰੀ ਪਾਰਟੀ ਦੇ ਹੱਕ ਵਿੱਚ ਹੁੰਦੀ ਹੈ ਤਾਂ ਸਪੀਕਰ ਵਿਧਾਇਕ ਦਾ ਅਸਤੀਫਾ ਸਵੀਕਾਰ ਕਰ ਸਕਦਾ ਹੈ ਅਤੇ ਜੇ ਅਜਿਹਾ ਨਹੀਂ ਹੁੰਦਾ ਤਾਂ ਉਸ ਨੂੰ ਅਯੋਗ ਐਲਾਨ ਦਿੰਦਾ ਹੈ। ਕਾਨੂੰਨ ਦੀ ਇਸ ਖਾਮੀ ਨਾਲ ਦਲ ਬਦਲੀ ਦੀ ਪ੍ਰਕਿਰਿਆ ਜਾਰੀ ਰਹੀ ਅਤੇ ਸਥਿਤੀ ਇਹ ਬਣੀ ਕਿ ਦਲ ਬਦਲੀ ਕਰਨ ਵਾਲੇ ਵਿਧਾਇਕ ਸਰਕਾਰ ਵਿੱਚ ਮੰਤਰੀ ਬਣੇ ਅਤੇ ਉਨ੍ਹਾਂ ਤੋਂ ਇਹ ਵੀ ਸਵਾਲ ਨਹੀਂ ਪੁੱਛਿਆ ਜਾਂਦਾ ਕਿ ਜਨਤਾ ਨਾਲ ਕੀਤੇ ਉਨ੍ਹਾਂ ਦੇ ਵਾਅਦਿਆਂ ਦਾ ਕੀ ਬਣਿਆ? ਸਵਾਲ ਪੁੱਛਣਾ ਬਣਦਾ ਹੈ ਕਿ ਚੋਣਾਂ ਪਾਰਟੀ ਵੱਲੋਂ ਜਿੱਤੀਆਂ ਜਾਂਦੀਆਂ ਹਨ, ਨਾ ਕਿ ਵਿਅਕਤੀ ਵੱਲੋਂ। ਲੋਕਤੰਤਰ ਦੇ ਬਾਜ਼ਾਰ ਮਾਡਲ 'ਚ ਇਹ ਮੰਨਣਾ ਗਲਤ ਫਹਿਮੀ ਹੋਵੇਗੀ ਕਿ ਪਾਰਟੀ ਵਿਚਾਰਧਾਰਾ ਨਾਲ ਸ਼ਾਸਿਤ ਹੁੰਦੀ ਹੈ। ਇਸ ਖੇਡ ਵਿੱਚ ਪ੍ਰਦੂਸ਼ਿਤ ਅਤੇ ਭ੍ਰਿਸ਼ਟ ਰਾਜਨੀਤੀ ਨੂੰ ਪੈਸਾ ਅੱਗੇ ਵਧਾਉਂਦਾ ਹੈ। ਅਜਿਹੇ ਵਾਤਾਵਰਣ ਵਿੱਚ ਜਿੱਥੇ ਦਲ ਬਦਲੂ ਲੋਕਤੰਤਰ ਦੀ ਨੀਂਹ ਨੂੰ ਕਮਜ਼ੋਰ ਕਰਦਾ ਅਤੇ ਜਿੱਥੇ ਸਿਆਸੀ ਨੈਤਿਕਤਾ ਰਾਹੀਂ ਸਥਿਰ ਸਰਕਾਰਾਂ ਬਣਾਈਆਂ ਜਾਂਦੀਆਂ ਹਨ,ਉਥੇ ਕੋਈ ਪਾਰਟੀ ਨੈਤਿਕ ਹੋਣ ਦਾ ਦਾਅਵਾ ਨਹੀਂ ਕਰ ਸਕਦੀ ਅਤੇ ਸਾਡੇ ਨੇਤਾ ਭੁੱਲ ਜਾਂਦੇ ਹਨ ਕਿ ਇਸ ਕੰਮ ਨਾਲ ਚੋਣਾਂ ਤੋਂ ਬਾਅਦ ਉਹ ਵਾਤਾਵਰਣ ਨੂੰ ਜ਼ਹਿਰੀਲਾ ਕਰ ਚੁੱਕੇ ਹੁੰਦੇ ਹਨ। ਰਾਜਨੀਤੀ ਦੇ ਨੈਤਿਕ ਮਾਰੂਥਲ ਅਤੇ ਚਰਚਾ ਦੀ ਬੰਜਰ ਜ਼ਮੀਨ ਵਿੱਚ ਭਾਜਪਾ ਦਲ-ਬਦਲੀ ਦੀ ਖੇਡ ਵਿੱਚ ਮਾਹਿਰ ਹੋ ਗਈ ਹੈ ਅਤੇ ਅਜਿਹੇ ਵਤੀਰੇ ਦੀ ਮੌਕਾ ਪ੍ਰਸਤੀ ਦੇ ਰੂਪ ਵਿੱਚ ਨਿੰਦਾ ਕਰਨ ਦੀ ਥਾਂ ਇਸ ਨੂੰ ਸਿਆਸੀ ਖਾਹਿਸ਼ਾਂ ਦਾ ਸੰਕੇਤ ਮੰਨਿਆ ਜਾਂਦਾ ਹੈ।

ਨਰਿੰਦਰ ਮੋਦੀ ਦਾ 'ਨਾ ਖਾਵਾਂਗਾ, ਨਾ ਖਾਣ ਦੇਵਾਂਗਾ' ਦਾ ਨਾਅਰਾ ਸਿਆਸੀ ਨੈਤਿਕਤਾ ਦੇ ਚਿਹਰੇ 'ਤੇ ਉਛਲ ਗਿਆ ਹੈ। ਸਿਆਸੀ ਚਰਚਾ 'ਚ ਵਿਚਾਰਧਾਰਾ ਅਤੇ ਨੈਤਿਕਤਾ ਨੂੰ ਕੁਚਲਣ ਦੇ ਨੇਤਾ ਦੇ ਅਧਿਕਾਰ ਨੂੰ ਜਾਇਜ਼ ਠਹਿਰਾਇਆ ਜਾਂਦਾ ਹੈ ਕਿਉਂਕਿ ਅਜਿਹੇ ਨੇਤਾਵਾਂ ਨੂੰ ਆਪਣੇ ਹਿੱਤ ਪੂਰਨੇ ਹੁੰਦੇ ਹਨ। ਜਨ-ਸੇਵਾ ਬਾਰੇ ਸਵਾਲ ਨਹੀਂ ਪੁੱਛੇ ਜਾਂਦੇ, ਕਿਉਂਕਿ ਹਰ ਕੋਈ 10 ਨੰਬਰੀ ਉਤੇ ਭਾਰੀ ਪੈਣਾ ਚਾਹੁੰਦਾ ਹੈ। ਇਸ ਲਈ ਇਹ ਝੂਠ ਅਤੇ ਧੋਖਾਦੇਹੀ ਦੀ ਖੇਡ ਭਾਰਤ ਦੀ ਅਸਲੀਅਤ ਬਣ ਗਈ ਹੈ। ਸੱਤਾ ਹੀ ਸਭ ਕੁਝ ਹੈ, ਇਸ ਲਈ ਸਵਾਲ ਉਠਦਾ ਹੈ ਕਿ ਕੀ ਥੋੜ੍ਹ-ਚਿਰੇ ਲਾਭ ਲੰਮੇ ਸਮੇਂ ਦੀ ਕੀਮਤ 'ਤੇ ਭਾਰੀ ਪੈਣਗੇ? ਕੀ ਇਸ ਤਰ੍ਹਾਂ ਦੇ ਮੌਕਾਪ੍ਰਸਤਾਂ ਨੂੰ ਸਿਆਸੀ ਚਰਚਾ ਦੇ ਯੋਗ ਮੰਨਿਆ ਜਾ ਸਕਦਾ ਹੈ? ਤੁਸੀਂ ਕਹਿ ਸਕਦੇ ਹੋ ਕਿ ਇਹੀ ਲੋਕਤੰਤਰ ਹੈ। ਬੀਤੇ ਸਾਲਾਂ ਵਿੱਚ ਲੋਕਤੰਤਰ ਦੇ ਬੁਨਿਆਦੀ ਸਿਧਾਂਤ ਨੂੰ ਕੁਚਲ ਦਿੱਤਾ ਗਿਆ ਹੈ। ਨੇਤਾ ਭੁੱਲ ਗਏ ਹਨ ਕਿ ਲੋਕਤੰਤਰ ਆਪਣੇ ਆਪ ਵਿੱਚ ਜਨਤਾ ਦੇ ਭਲੇ ਤੇ ਖੁਸ਼ਹਾਲੀ ਨੂੰ ਪ੍ਰਾਪਤ ਕਰਨ ਦਾ ਸਾਧਨ ਹੈ ਤੇ ਇਹ ਉਦੋਂ ਸੰਭਵ ਹੈ, ਜਦੋਂ ਸਮਰਪਿਤ ਨੇਤਾਵਾਂ ਵੱਲੋਂ ਸੰਚਾਲਿਤ ਸਵੱਛ ਅਤੇ ਸਥਿਰ ਸਰਕਾਰ ਨੂੰ ਦੇਸ਼ ਨੂੰ ਸਰਵਉਚ ਤਰਜੀਹ ਦੇਵੇ।

ਇਸ ਸਮੱਸਿਆ ਦਾ ਹੱਲ ਕੀ ਹੈ? ਇਹ ਦੇਖਣ ਨੂੰ ਮਿਲ ਰਿਹਾ ਹੈ ਕਿ ਕੋਈ ਵੀ ਧਿਰ ਦਲ ਬਦਲੀ 'ਤੇ ਰੋਕ ਲਈ ਤਿਆਰ ਨਹੀਂ ਹੈ, ਕਿਉਂਕਿ ਇਸ ਨਾਲ ਉਨ੍ਹਾਂ ਦਾ ਲਾਭ ਹੁੰਦਾ ਹੈ। ਨੈਤਿਕ ਕਦਰਾਂ ਕੀਮਤਾਂ ਤੋਂ ਬਿਨਾਂ ਸਿਆਸਤ ਲੋਕਤੰਤਰ ਲਈ ਖਤਰਨਾਕ ਹੈ, ਕਿਉਂਕਿ ਇਸ ਨਾਲ ਹਰ ਪੱਧਰ 'ਤੇ ਬੇਭਰੋਸਗੀ ਪੈਦਾ ਹੁੰਦੀ ਹੈ ਅਤੇ ਅੱਜ ਦੀ ਰਾਜਨੀਤੀ ਸਾਹਮਣੇ ਗੰਦਾ ਨਾਲਾ ਵੀ ਸਾਫ ਲੱਗਦਾ ਹੈ। ਇਸ ਲਈ ਲੋਕਤੰਤਰ ਲਈ ਸੰਘਰਸ਼ ਜਾਰੀ ਰਹੇਗਾ। ਦੇਖਣਾ ਹੈ ਕਿ ਕੀ ਮੌਕਾਪ੍ਰਸਤ ਦਲ ਬਦਲੂਆਂ ਦੀ ਭੀੜ ਵਿੱਚ ਵਿਚਾਰਧਾਰਾ, ਕਦਰਾਂ-ਕੀਮਤਾਂ ਅਤੇ ਇਮਾਨਦਾਰੀ ਨੂੰ ਕੋਈ ਜਗ੍ਹਾ ਮਿਲੇਗੀ।

# ਮੈਨੂੰ ਅੱਜ ਵੀ ਯਾਦ ਨੇ ਬਚਪਨ ਦੇ ਉਹ ਦਿਨ

-ਜਗਦੀਸ਼ ਸਿੰਘ ਪੱਖੋਂ

ਮਨੁੱਖੀ ਜ਼ਿੰਦਗੀ ਜੀਵਨ ਦੇ ਤਿੰਨ ਪੜਾਵਾਂ ਵਿੱਚੋਂ ਲੰਘਦੀ ਹੈ। ਜੀਵਨ ਦੇ ਹਰ ਪੜਾਅ ਦਾ ਵੱਖੋ ਵੱਖਰਾ ਅਦਬ ਤੇ ਮਹੱਤਵ ਹੈ। ਹਰ ਮਨੁੱਖ ਸਦਾ ਇਹ ਕੋਸ਼ਿਸ ਕਰਦਾ ਹੈ ਕਿ ਉਹ ਸਾਰੀ ਜ਼ਿੰਦਗੀ ਆਪਣੇ ਜੱਦੀ ਤੇ ਵਿਰਾਸਤੀ ਘਰ ਵਿੱਚ ਗੁਜ਼ਾਰੇ, ਪਰ ਸਮੇਂ ਦੇ ਹਾਲਾਤ ਅਨੁਸਾਰ ਕਈ ਵਾਰ ਰੋਟੀ ਰੋਜ਼ੀ ਖਾਤਰ ਆਪਣੇ ਜੱਦੀ ਪਿੰਡ ਜਾਂ ਪਿੰਡ ਦੇ ਉਨ੍ਹਾਂ ਲੋਕਾਂ ਨੂੰ, ਜਿਨ੍ਹਾਂ ਨਾਲ ਨਿੱਕੀ ਉਮਰੇ ਮੌਜ ਮਸਤੀਆਂ ਕੀਤੀਆਂ ਹੋਣ, ਛੱਡਣਾ ਪੈਂਦਾ ਹੈ। ਬਾਲ ਅਵਸਥਾ ਕੁਦਰਤ ਦੀ ਅਜਿਹੀ ਸੌਗਾਤ ਹੈ, ਜਿਸ ਵਿੱਚ ਜ਼ਿੰਦਗੀ ਦੇ ਬੇਸ਼ੁਮਾਰ ਕੀਮਤੀ ਬਹੁਮੁੱਲੇ ਰੰਗ ਘੁਲੇ ਹੁੰਦੇ ਹਨ। ਇਸ ਉਮਰ ਵਿੱਚ ਨਾ ਕੋਈ ਦੇਣ-ਲੈਣ ਦਾ ਅਤੇ ਨਾ ਕਮਾ ਕੇ ਲਿਆਉਣ ਦਾ ਫਿਕਰ ਹੁੰਦਾ ਹੈ। ਬੱਸ ਆਪਣੇ ਮਾਪਿਆਂ ਵੱਲੋਂ ਮਿਲੇ ਕੁਝ ਕੁ ਸਿੱਕਿਆਂ ਨੂੰ ਖਰਚ ਕੇ ਏਨਾ ਸਕੂਨ ਮਿਲਦਾ ਸੀ, ਜਿਸ ਅੱਗੇ ਵੱਡੀ ਉਮਰੇ ਕਮਾਈ ਕਰ ਕੇ ਬੀਤੇ ਜਾਂਦੇ ਬੇਹਿਸਾਬ ਖਰਚੇ ਵੀ ਨਿਗੂਣੇ ਜਾਪਦੇ ਹਨ।



ਮੈਨੂੰ ਯਾਦ ਹੈ, ਜਦੋਂ ਮੈਂ ਤੀਹ ਕੁ ਸਾਲ ਪਹਿਲਾਂ ਆਪਣੇ ਪਿੰਡ ਰਹਿੰਦਾ ਹੁੰਦਾ ਸੀ, ਮੈਂ ਪਿੰਡ ਦੀ ਹਰ ਗਲੀ ਵਿੱਚ ਆਪਣੇ ਹਾਣੀਆਂ ਨਾਲ ਮੌਜ ਮਸਤੀਆਂ ਕਰਦਾ ਹੁੰਦਾ ਸੀ। ਅਸੀਂ ਸਾਰੇ ਉਸ ਵੇਲੇ ਜ਼ਿੰਦਗੀ ਦੇ ਅਣਮੁੱਲੇ ਰੰਗ ਮਾਣਦੇ ਹੁੰਦੇ ਸੀ। ਹਾਣੀਆਂ ਨਾਲ ਨਿੱਕੀ-ਨਿੱਕੀ ਗੱਲ 'ਤੇ ਲੜਨਾ-ਝਗੜਨਾ ਅਤੇ ਅੰਗੂਠੇ ਤੇ ਚੀਚੀ ਨੂੰ ਆਪਸ ਵਿੱਚ ਮਿਲਾ ਕੇ ਫਿਰ ਤੋਂ ਦੋਸਤੀ ਦਾ ਐਲਾਨ ਕਰਨਾ ਤੇ ਗਲਵਕੜੀ ਪਾ ਕੇ ਮਿਲਣਾ ਮਨ ਨੂੰ ਬੜਾ ਸਕੂਨ ਦਿੰਦਾ ਸੀ। ਰੁੱਖਾਂ ਦੀਆਂ ਟਾਹਣੀਆਂ ਤੋੜ ਕੇ ਉਨ੍ਹਾਂ ਦੀਆਂ ਬਣਾਈਆਂ ਟੇਢੀਆਂ-ਮੇਢੀਆਂ ਖੂੰਡੀਆਂ ਨਾਲ ਲੀਰਾਂ ਦੀ ਬਣਾਈ ਹੋਈ ਖਿੱਦੋ ਨਾਲ ਖੇਡਣਾ ਅਤੇ ਉਸ ਖਿੱਦੋ ਨੂੰ ਲੀਰੋ ਲੀਰ ਕਰ ਦੇਣਾ। ਕਦੇ ਕੱਚ ਦੀਆਂ ਗੋਲੀਆਂ, ਪੀਲੇ, ਗੁੱਲੀ ਡੰਡਾ ਅਤੇ ਮਿੱਟੀ ਦੇ ਢੇਰ 'ਤੇ ਘਰ ਬਣਾਉਣੇ, ਇਸ ਉਮਰ ਦੀ ਇੱਕ ਅਦੁੱਤੀ ਪੇਸ਼ਕਾਰੀ ਹੁੰਦੀ ਸੀ। ਸਾਈਕਲ ਦੇ ਪੁਰਾਣੇ ਟਾਇਰ ਅਤੇ ਚੱਕਿਆਂ ਨੂੰ ਡੰਡੇ ਨਾਲ ਇੱਕ ਦੂਜੇ ਤੋਂ ਵੱਧ ਭਜਾਉਣ ਦਾ ਨਜ਼ਾਰਾ ਅੱਜ ਦੀਆਂ ਕਾਰਾਂ ਨਾਲੋਂ ਕਿਤੇ ਵੱਧ ਆਉਂਦਾ ਸੀ। ਸਕੂਲ ਵਿੱਚ ਜਾ ਕੇ ਆਪਣੇ ਸਭ ਤੋਂ ਪਿਆਰੇ ਸਾਥੀ ਲਈ ਥਾਂ ਬਣਾਉਣੀ, ਬਹੁਤ ਵਧੀਆ ਲੱਗਦਾ ਹੁੰਦਾ ਸੀ। ਲਗਭਗ ਸਾਰੇ ਪਿੰਡ ਦੇ ਬੱਚਿਆਂ ਦਾ ਇੱਕੋ ਹੀ ਸਕੂਲ ਵਿੱਚ ਪੜ੍ਹਨ ਆਉਣਾ ਤੇ ਗੁਆਂਢ ਦੇ ਬੱਚਿਆਂ ਨੇ ਇੱਕ ਦੂਜੇ ਦੇ ਘਰੋਂ ਕਿਤਾਬਾਂ ਕਾਪੀਆਂ ਮੰਗ ਲਿਆਉਣੀਆਂ ਤੇ ਉਥੇ ਇਕੱਠਿਆਂ ਚਾਹ-ਰੋਟੀ ਖਾ ਪੀ ਲੈਣੀ। ਕਿੰਨਾ ਪਿਆਰ ਤੇ ਸਤਿਕਾਰ ਭਰਿਆ ਲਹਿਜ਼ਾ ਸੀ।

ਕਈ ਵਾਰ ਮਸਤਪਣੇ ਵਿੱਚ ਚਰਖਾ ਕੱਤਦੀਆਂ ਚਾਚੀਆਂ, ਤਾਈਆਂ ਤੇ ਹੋਰ ਪਿੰਡ ਦੀਆਂ ਔਰਤਾਂ ਦੇ ਤੱਕਲੇ ਵਿੰਗੇ ਕਰਨੇ, ਚਰਮਖਾਂ ਤੋੜਨੀਆਂ, ਮਾਲ੍ਹ ਢਿੱਲੀ ਕਰ ਦੇਣੀ, ਗਲੋਟੇ ਉਧੇੜ ਕੇ ਭੱਜ ਜਾਣਾ, ਫਿਰ ਉਨ੍ਹਾਂ ਤੋਂ ਮਿੱਠੀਆਂ-ਮਿੱਠੀਆਂ ਝਿੜਕਾਂ ਖਾਣੀਆਂ, ਜੋ ਮਰੂੰਡਿਆਂ ਦੀ ਮਿਠਾਸ ਤੋਂ ਘੱਟ ਨਹੀਂ ਸਨ ਲੱਗਦੀਆਂ। ਤਾਣਾ-ਤਣਦੀਆਂ ਹੋਈਆਂ ਤੋਂ ਕੁਚ ਫੜ ਕੇ ਫੇਰਨ ਤੇ ਤਾਣੀ ਦੇ ਹੇਠ ਦੀ ਵਿੰਗ ਵਲ ਖਾ ਕੇ ਲੰਘਣ ਦਾ ਵੱਖਰਾ ਹੀ ਸ਼ੌਕ ਹੁੰਦਾ ਸੀ।

ਅਸੀਂ ਗੁਆਂਢੀ ਪਿੰਡਾਂ ਵਿੱਚ ਲੱਗਦੇ ਮੇਲਿਆਂ ਵਿੱਚ ਦੁਲੱਤੇ ਮਾਰਦੇ ਜਾਣਾ ਤੇ ਉਥੇ ਜਾ ਕੇ ਦੁਕਾਨ ਤੋਂ ਦੋ ਰੁਪਏ ਦੇ ਕੇ ਖਾਣ ਲਈ ਚੀਜ਼ੀ ਲੈਣਾ। ਉਹ ਚੀਜ਼ੀ ਅੱਜ ਦੇ ਮਹਿੰਗੇ ਖਾਣਿਆਂ ਤੋਂ ਕਿਤੇ ਵੱਧ ਚੰਗੀ ਤੇ ਆਨੰਦਮਈ ਹੁੰਦੀ ਸੀ। ਹੋਲੀ, ਦੀਵਾਲੀ ਤੇ ਲੋਹੜੀ ਵਰਗੇ ਪਵਿੱਤਰ ਤਿਉਹਾਰਾਂ ਨੂੰ ਰਲ ਮਿਲ ਕੇ ਹਾਸੇ ਠੱਠੇ ਨਾਲ ਮਨਾਉਣ ਦਾ ਬੜਾ ਹੀ ਚਾਅ ਹੁੰਦਾ। ਲੋਹੜੀ ਵਾਲੇ ਦਿਨ ਸਵੇਰ ਤੋਂ ਘਰਾਂ ਤੋਂ ਪਾਥੀਆਂ ਮੰਗ ਕੇ ਇਕੱਠੀਆਂ ਕਰਦੇ ਤੇ ਕਾਫੀ ਵੱਡੀ ਤੇ ਉਚੀ ਲੋਹੜੀ ਬਣਾ ਲੈਣੀ ਕਿਉਂਕਿ ਉਨ੍ਹਾਂ ਸਮਿਆਂ ਵਿੱਚ ਪਿੰਡ ਦੀ ਇੱਕੋ ਲੋਹੜੀ ਬਾਲੀ ਜਾਂਦੀ ਸੀ। ਲੋਹੜੀ ਬਾਲਣ ਦਾ ਖੂਬ ਨਜ਼ਾਰਾ ਹੁੰਦਾ ਸੀ। ਉਸ ਦਿਨ ਪਿੰਡ ਦੇ ਜਿਨ੍ਹਾਂ ਘਰਾਂ ਵਿੱਚ ਮੁੰਡਾ ਜਨਮਿਆਂ ਹੁੰਦਾ ਸੀ, ਉਹ ਖੁਸ਼ੀ ਵਿੱਚ ਪਰਾਤਾਂ ਭਰ ਕੇ ਗੁੜ ਤੇ ਰਿਓੜੀਆਂ ਵੰਡਦੇ ਹੁੰਦੇ ਸੀ ਤੇ ਅਸੀ ਵਾਰ ਵਾਰ ਲੈ ਕੇ ਖਾਂਦੇ ਹੁੰਦੇ ਸਾਂ।

ਬੇਸ਼ੱਕ ਕੁਦਰਤ ਦੇ ਨਿਯਮਾਂ ਮੁਤਾਬਕ ਹਰ ਮਨੁੱਖ ਨੇ ਬਚਪਨ ਤੋਂ ਬਾਅਦ ਜਵਾਨੀ ਤੇ ਫਿਰ ਬਿਰਧ ਅਵਸਥਾ ਵਿੱਚ ਪ੍ਰਵੇਸ਼ ਕਰ ਕੇ ਵੱਖ ਵੱਖ ਜ਼ਿੰਮੇਵਾਰੀਆਂ ਨੂੰ ਸੰਭਾਲਣ ਤੇ ਉਨ੍ਹਾਂ ਨੂੰ ਪੂਰਾ ਕਰਨਾ ਹੁੰਦਾ ਹੈ, ਪਰ ਜੋ ਨਜ਼ਾਰੇ ਬਚਪਨ ਵਾਲੀ ਉਮਰ ਵਿੱਚ ਮਿਲਦੇ ਸਨ, ਉਹ ਮੁੜ ਕੇ ਨਹੀਂ ਥਿਆਉਂਦੇ। ਬਚਪਨ ਦੇ ਇਨ੍ਹਾਂ ਨਜ਼ਾਰਿਆਂ ਨੂੰ ਕੋਈ ਮਰਦੇ ਦਮ ਤੱਕ ਨਹੀਂ ਭੁਲਾ ਸਕਦਾ। ਜ਼ਿੰਦਗੀ ਵਿੱਚ ਜਿੰਨਾ ਸਕੂਨ ਇਸ ਉਮਰ ਦੇ ਬਿਤਾਏ ਪਲਾਂ ਵਿੱਚੋਂ ਮਿਲਦਾ ਹੈ, ਉਸ ਦੇ ਸਾਹਮਣੇ ਕੋਠੀਆਂ, ਕਾਰਾਂ, ਮਹਿਲ, ਮੁਨਾਰਿਆਂ ਦਾ ਕੱਦ ਬਹੁਤ ਛੋਟਾ ਜਾਪਦਾ ਹੈ। ਅਜੋਕੇ ਸਮੇਂ ਵਿੱਚ ਬਦਲਦੇ ਹਾਲਾਤ ਤੇ ਪਰਵਾਰਾਂ ਦੇ ਛੋਟੇ ਆਕਾਰ ਸਦਕਾ ਬੱਚਿਆਂ ਦੀ ਸਾਂਭ ਸੰਭਾਲ ਦੀ ਸਮੱਸਿਆ ਕਾਰਨ ਜ਼ਿਆਦਾਤਰ ਬੱਚਿਆਂ ਦਾ ਬਚਪਨ ਹੋਸਟਲਾਂ ਅਤੇ ਹੋਰ ਕਰੱਚਾਂ ਵਿੱਚ ਬੀਤ ਜਾਂਦਾ ਹੈ। ਅੱਜ ਬਹੁਤ ਘੱਟ ਬੱਚਿਆਂ ਨੂੰ ਇਹ ਮੌਜਮਸਤੀਆਂ ਵਾਲਾ ਬਚਪਨ ਦਾ ਆਨੰਦ ਭਰਪੂਰ ਸਮਾਂ ਬਿਤਾਉਣਾ ਨਸੀਬ ਹੁੰਦਾ ਹੈ ਕਿਉਂਕਿ ਬਹੁਤੇ ਬੱਚਿਆਂ ਨੂੰ ਟੀ ਵੀ, ਮੋਬਾਈਲ ਜਾਂ ਘਰ ਦੀ ਚਾਰ ਦੀਵਾਰੀ ਅੰਦਰ ਰਹਿਣ ਲਈ ਕਹਿ ਕੇ ਅਸੀਂ ਬੱਚਿਆਂ ਤੋਂ ਉਨ੍ਹਾਂ ਦਾ ਬਚਪਨ ਤੇ ਸਰੀਰਕ ਕਸਰਤ ਖੋਹ ਲੈਂਦੇ ਹਾਂ। ਇਸ ਕਾਰਨ ਅਜੋਕੇ ਬੱਚਿਆਂ ਵਿੱਚ ਸੁਭਾਅ ਦੇ ਚਿੜਚਿੜੇ ਹੋਣ ਦੇ ਨਾਲ ਨਾਲ ਸਹਿਣਸ਼ੀਲਤਾ ਦੀ ਵੀ ਘਾਟ ਹੋ ਰਹੀ ਹੈ। ਬੱਚਿਆਂ ਦੇ ਚਿਹਰਿਆਂ, ਉੱਤੇ ਵੀ ਕੋਈ ਕੁਦਰਤੀ ਮੁਸਕਾਨ ਨਜ਼ਰ ਨਹੀਂ ਆਉਂਦੀ।

# ਯਾਦਾਂ ਵਿੱਚੋਂ ਇੱਕ ਕੌੜੀ ਯਾਦ

-ਸ਼ਸ਼ੀ ਲਤਾ

ਗੱਲ ਕਈ ਸਾਲ ਪੁਰਾਣੀ ਹੈ। ਸਾਡੇ ਪਰਵਾਰ ਵਿੱਚੋਂ ਵੱਡੇ ਦੀਦੀ ਦਾ ਵਿਆਹ ਹੋ ਗਿਆ। ਵਿਆਹ ਤੋਂ ਪਿੱਛੋਂ ਉਨ੍ਹਾਂ ਦੇ ਘਰ ਕਈ ਕੁੜੀਆਂ ਨੇ ਜਨਮ ਲਿਆ। ਜਦੋਂ ਚੌਥਾ ਬੱਚਾ ਪੈਦਾ ਹੋਇਆ ਤਾਂ ਉਹ ਮੁੰਡਾ ਸੀ। ਸਾਰੇ ਖੁਸ਼ ਕਿ ਚਲੋ ਚੰਗਾ ਹੋਇਆ, ਕੁੜੀਆਂ ਢੱਕੀਆਂ ਗਈਆਂ ਅਤੇ ਘਰ ਦਾ ਵਾਰਸ ਆ ਗਿਆ। ਉਨ੍ਹਾਂ ਸਮਿਆਂ ਵਿੱਚ ਮੋਬਾਈਲਾਂ ਦਾ ਰੁਝਾਨ ਨਹੀਂ ਸੀ, ਸ਼ਾਇਦ ਚਿੱਠੀ ਆਈ ਸੀ। ਸਾਰਾ ਟੱਬਰ ਖੁਸ਼। ਅਸੀਂ ਦੋ ਭੈਣਾਂ ਨੂੰ ਕਿਹਾ ਕਿ ਤੁਸੀਂ ਜਾ ਕੇ ਵੇਖ ਆਓ। ਸਾਡੀ ਤਾਂ ਖੁਸ਼ੀ ਸੰਭਾਲੀ ਨਹੀਂ ਸੀ ਜਾ ਰਹੀ। ਮਾਰਕੀਟ ਜਾ ਕੇ ਭਣੇਵੇਂ ਲਈ ਕੁਝ ਕੱਪੜੇ ਅਤੇ ਖਿਡੌਣੇ ਲੈ ਆਂਦੇ। ਦੂਜੇ ਦਿਨ ਪਹਿਲੀ ਬਸ ਫੜ ਕੇ ਗੋਇੰਦ-ਵਾਲ ਵਿਖੇ ਪੁੱਜ ਗਈਆਂ। ਦੀਦੀ ਨੂੰ ਤੇ ਬੱਚਿਆਂ ਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਕੁੜੀਆਂ ਦਾ ਚਾਅ ਨਾ ਸੰਭਾਲਿਆ ਜਾਵੇ ਕਿ ਰੱਖੜੀ ਬੰਨ੍ਹਵਾਉਣ ਲਈ ਵੀਰਾ ਆ ਗਿਆ। ਕੱਪੜਾ ਲੱਤਾ ਤੇ ਖਿਡੌਣੇ ਵੇਖ ਕੇ ਸਭ ਨੂੰ ਖੁਸ਼ੀ ਹੋਈ।

ਸਾਡੇ ਜੀਜਾ ਜੀ ਬਿਜਲੀ ਵਿਭਾਗ ਵਿੱਚ ਐੱਸ ਡੀ ਓ ਸਨ ਤੇ ਉਥੇ ਹੀ ਤੈਨਾਤ ਸਨ। ਸ਼ਾਮ ਦੀ ਰੋਟੀ ਟੁੱਕ ਦਾ ਕੰਮ ਨਿਬੜ ਗਿਆ ਤਾਂ ਸਾਡੇ ਕੋਲ ਆ ਕੇ ਸਾਡੇ ਜੀਜਾ ਕਹਿਣ ਲੱਗੇ, 'ਲੋ ਕੁੜੀਓ, ਤੁਹਾਨੂੰ ਮੈਂ ਇੱਕ ਜਾਦੂ ਵਿਖਾਵਾਂ।" ਅਸੀਂ ਕਿਹਾ, "ਅਸੀਂ ਤਾਂ ਅਜਿਹੇ ਕੰਮਾਂ ਵਿੱਚ ਵਿਸ਼ਵਾਸ ਨਹੀਂ ਕਰਦੀਆਂ।" ਕਿਉਂਕਿ ਸਾਡਾ ਪਰਵਾਰ ਪਾਖੰਡਾਂ ਤੇ ਸਾਧੂ ਸੰਤਾਂ ਤੋਂ ਨਫਰਤ ਕਰਦਾ ਸੀ। ਗੈਬੀ ਸ਼ਕਤੀ ਹੁੰਦੀ ਨਹੀਂ ਤਾਂ ਕੁਝ ਹੋਣਾ ਵੀ ਨਹੀਂ ਸੀ। ਅਸੀਂ ਹੱਥ ਰੱਖ ਲਏ। ਉਹ ਮੂੰਹ ਵਿੱਚ ਪਤਾ ਨਹੀਂ ਕੀ ਕੁਝ ਬੋਲਦੇ ਰਹੇ। ਕਹਿਣ, 'ਜੇ ਕੋਈ ਪ੍ਰਸ਼ਨ ਪੁੱਛਣੈ ਤਾਂ ਪੁੱਛ ਲਓ।" ਦੀਦੀ ਕਹਿਣ ਲੱਗੇ, 'ਕਿਹੜੇ ਮੋਏ ਨੇ ਉੱਤਰ ਦੇਣੈ, ਤੁਸੀਂ ਕਰੋ ਜੋ ਕੁਝ ਕਰਨੈ।" ਮੇਰੇ ਜ਼ੋਰ ਦੀ ਹੱਥ ਰੱਖਣ ਨਾਲ ਕੌਲੀ ਹਿਲ ਗਈ। ਦੋਵਾਂ ਨੇ ਹੱਥ ਚੁੱਕ ਲਏ। ਹਿੜ-ਹਿੜ ਕਰ ਕੇ ਹੱਸਦੀਆਂ ਨੇ ਕੌਲੀਆਂ ਚੁੱਕ ਕੇ ਰੱਖ ਦਿੱਤੀਆਂ। ਉਨ੍ਹਾਂ ਨੂੰ ਕਿਹਾ, 'ਤੁਸੀਂ ਖੁਦ ਏਨੇ ਪੜ੍ਹੇ ਲਿਖੇ ਹੋ, ਤੁਸੀਂ ਕਿਉਂ ਇਨ੍ਹਾਂ ਚੱਕਰਾਂ ਵਿੱਚ ਪੈਂਦੇ ਹੋ?" ਉਹ ਇਮਾਨਦਾਰ ਤੇ ਸਾਊ ਸੁਭਾਅ ਦੇ ਸਨ।

ਸਾਰਾ ਟੱਬਰ ਗੱਲਾਂ ਕਰਦਾ ਰਿਹਾ ਤੇ ਨਾਲ ਹੀ ਮੁੰਡੇ ਨੂੰ ਖਿਡਾਉਂਦਾ ਰਿਹਾ। ਫਿਰ ਅਚਾਨਕ ਪਤਾ ਨਹੀਂ ਮੁੰਡੇ ਨੂੰ ਕੀ ਹੋਇਆ, ਰੋਣ ਲੱਗ ਪਿਆ। ਚੁੱਪ ਨਾ ਕਰੇ। ਕਦੇ ਕੋਈ ਫੜੇ, ਕਦੇ ਕੋਈ। ਸਾਰੇ ਵਿਹੜੇ ਵਿੱਚ ਘੁਮਾਉਂਦੇ ਰਹੇ। ਦੋ ਤਿੰਨ ਘੰਟੇ ਲਗਾਤਾਰ ਰੋਂਦਾ ਰਿਹਾ। ਫਿਰ ਅਜਿਹਾ ਚੁੱਪ ਕੀਤਾ ਕਿ ਨਿਢਾਲ ਹੋ ਕੇ ਪੈ ਗਿਆ। ਡਾਕਟਰ ਕੋਲ ਲੈ ਗਏ। ਉਸ ਨੇ ਅੰਮ੍ਰਿਤਸਰ ਲਿਜਾਣ ਦੀ ਸਲਾਹ ਦੇ ਦਿੱਤੀ। ਸਵੇਰੇ ਗੱਡੀ ਕਰ ਕੇ ਹਸਪਤਾਲ ਲੈ ਗਏ। ਚੈਕ ਕਰ ਕੇ ਦਾਖਲ ਕਰਨ ਦੀ ਦੇਰ ਸੀ ਕਿ ਰੱਬ ਨੂੰ ਪਿਆਰਾ ਹੋ ਗਿਆ। ਦੁਪਹਿਰੇ ਘਰ ਵਾਪਸ ਆ ਗਏ। ਸਾਰੇ ਪਾਸੇ ਸੋਗ ਛਾ ਗਿਆ। ਯਕੀਨ ਹੀ ਨਾ ਆਵੇ ਕਿ ਕੋਈ ਇਸ ਤਰ੍ਹਾਂ ਵੀ ਚਲਾ ਜਾਂਦੈ ਹਸਦਾ ਖੇਡਦਾ। ਸਾਰਾ ਮੁਹੱਲਾ ਸਾਨੂੰ ਦਿਲਾਸਾ ਦੇਵੇ। ਬੜੀ ਦੁੱਖ ਦੀ ਘੜੀ ਆਈ ਸਾਡੇ ਉਤੇ। ਸਿਵਿਆਂ ਵਿੱਚ ਲਿਜਾਣ ਵੇਲੇ ਸਾਡੇ ਲਿਆਂਦੇ ਕੱਪੜਿਆਂ ਵਿੱਚ ਉਸ ਨੂੰ ਵੇਖ ਕੇ ਜਿਵੇਂ ਕਲੇਜਾ ਮੂੰਹ ਨੂੰ ਆਵੇ। ਉਹ ਚਲਾ ਗਿਆ, ਸਾਰੇ ਹੱਥ ਮਲਦੇ ਰਹਿ ਗਏ। ਪ੍ਰਮਾਤਮਾ ਦਾ ਭਾਣਾ ਮੰਨਣਾ ਹੀ ਪੈਣਾ ਸੀ।

ਜੀਜਾ ਜੀ ਨੂੰ ਪਛਤਾਵਾ ਕਰਦੇ ਹੋਏ ਬੋਲੇ, "ਕੀ ਪਤਾ ਮੇਰੇ ਕਾਰਨ ਇਹ ਸਭ ਕੁਝ ਹੋਇਆ ਤੇ ਮੈਂ ਕਿਉਂ ਅਜਿਹੇ ਚੱਕਰਾਂ ਵਿੱਚ ਪਿਆ?" ਦੀਦੀ ਨੇ ਸਮਝਾਇਆ ਕਿ "ਮੁੰਡੇ ਵਿੱਚ ਏਨੇ ਹੀ ਸਵਾਸ ਸਨ, ਤੁਸੀਂ ਆਪਣੇ ਆਪ ਨੂੰ ਸੰਭਾਲੋ।" ਅਸੀਂ ਵਾਪਸ ਆ ਗਈਆਂ। ਸੋਚਦੀਆਂ ਕਿ ਪੜ੍ਹ ਲਿਖ ਕੇ ਵੀ ਲੋਕ ਕਿਉਂ ਨਹੀਂ ਸਮਝਦੇ। ਫਿਰ ਗੈਬੀ ਸ਼ਕਤੀਆਂ ਦਾ ਭੁਲੇਖਾ ਪਾਉਣ ਲਈ ਕਈ ਪਾਖੰਡੀ, ਜੀਜਾ ਜੀ ਵਰਗੇ ਭੋਲੇ ਭਾਲੇ ਲੋਕਾਂ ਨੂੰ ਸੰਮੋਹਿਤ ਕਰ ਕੇ ਆਪਣਾ ਤੋਰੀ ਫੁਲਕਾ ਤੋਰ ਕੇ ਅੰਦਰੋਂ ਅੰਦਰੀ ਖੁਸ਼ ਹੁੰਦੇ ਰਹਿੰਦੇ ਹਨ। ਪਤਾ ਉਨ੍ਹਾਂ ਨੂੰ ਵੀ ਹੁੰਦੈ ਕਿ ਉਨ੍ਹਾਂ ਕੋਲ ਹੈ ਕੱਖ ਨਹੀਂ। ਸੋ ਸਾਨੂੰ ਸਾਰਿਆਂ ਨੂੰ ਇਸ ਪਾਖੰਡਵਾਦ ਦਾ ਖੰਡਨ ਕਰਨਾ ਚਾਹੀਦਾ ਹੈ ਤੇ ਆਸਪਾਸ ਦੇ ਲੋਕਾਂ ਨੂੰ ਜਾਗਰੂਕ ਕਰਦੇ ਰਹਿਣਾ ਚਾਹੀਦਾ ਹੈ।

BEST CANADIAN TRUCK &
FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ਼ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Jai Baba Ji • Jai Ranghar Badshah Ji • Jai Mata Ji
With the blessings of Sidh Baba Balak Nath Ji, Mata Ji
Brahmleen Guru Maharaj Bibi Satya Devi
Dassan De Dass, Faqiran De Faqir, RANGHAR BADSHAH JI
SIDH SHAKTI
Mata Ji Ka 32nd
CHALLA
On August 11, 2019
दासों के दास - फकीरों के फकीर
रंगड़ बादशाह जी
ਬੰਗਾ/ਕਨੇਡਾ ਵਾਲੇ
210 Islington Ave. • (416) 251-5538 • sidhshaktibhawan.com
• SIDH SHAKTI BHAWAN CANADA •
• Jai Baba Ji • Jai Ranghar Badshah Ji • Jai Mata Ji •
CHALLA • CHALLA • CHALLA

# ਅੱਤਵਾਦ ਫੰਡਿੰਗ ਦੇ ਕੇਸ ਵਿੱਚ ਜੱਗੀ ਜੌਹਲ ਸਣੇ ਸਾਰੇ ਜਣੇ ਬਰੀ

ਫਰੀਦਕੋਟ, 25 ਜੁਲਾਈ (ਪੋਸਟ ਬਿਊਰੋ)- ਇਥੇ ਵਿਸ਼ੇਸ਼ ਜੱਜ ਰਾਜੇਸ਼ ਕੁਮਾਰ ਦੀ ਅਦਾਲਤ ਨੇ ਕੱਲ੍ਹ ਪਰਵਾਸੀ ਪੰਜਾਬੀ ਜਗਤਾਰ ਸਿੰਘ ਉਰਫ ਜੱਗੀ ਜੌਹਲ ਅਤੇ ਉਸ ਦੇ ਚਾਰ ਸਾਥੀਆਂ ਨੂੰ ਅੱਤਵਾਦੀ ਗਤੀਵਿਧੀਆਂ ਚਲਾਉਣ ਅਤੇ ਸੰਗਠਨਾਂ ਨੂੰ ਫੰਡ ਦੇਣ ਦੇ ਦੋਸ਼ਾਂ ਦੀ ਸਮੁੱਚੀ ਜਾਂਚ ਨੂੰ ਨੁਕਸਦਾਰ ਅਤੇ ਗੈਰ ਕਾਨੂੰਨੀ ਮੰਨ ਕੇ ਬਰੀ ਕਰ ਦਿੱਤਾ ਹੈ। ਇਸ ਅਦਾਲਤੀ ਫੈਸਲੇ ਨਾਲ ਜਿਥੇ ਜੱਗੀ ਜੌਹਲ ਤੇ ਉਸ ਦੇ ਸਾਥੀਆਂ ਨੂੰ ਰਾਹਤ ਮਿਲੀ ਹੈ, ਉਥੇ ਪੰਜਾਬ ਪੁਲਸ ਅਤੇ ਸਪੈਸ਼ਲ ਅਪਰੇਸ਼ਨ ਸੈਲ, ਅੰਮ੍ਰਿਤਸਰ ਦੀ ਜਾਂਚ ਨੂੰ ਵੱਡਾ ਝਟਕਾ ਲੱਗਿਆ ਹੈ।



ਪਰਵਾਸੀ ਪੰਜਾਬੀ ਜਗਤਾਰ ਸਿੰਘ ਉਰਫ ਜੱਗੀ ਜੌਹਲ ਨੂੰ ਥਾਣਾ ਰਾਮਦਾਸ, ਅੰਮ੍ਰਿਤਸਰ ਦੀ ਪੁਲਸ ਨੇ 21 ਮਈ 2017 ਨੂੰ ਗ੍ਰਿਫਤਾਰ ਕੀਤਾ ਅਤੇ ਦਾਅਵਾ ਕੀਤਾ ਸੀ ਕਿ ਉਹ ਖਾੜਕੂ ਜਥੇਬੰਦੀਆਂ ਨੂੰ ਅਸਲਾ ਅਤੇ ਪੈਸਾ ਪੁਚਾਉਂਦਾ ਹੈ। ਇਸ ਦੀ ਪੜਤਾਲ ਦੌਰਾਨ ਫਰੀਦਕੋਟ ਦੀ ਪੁਲਸ ਨੇ 26 ਜੂਨ 2017 ਨੂੰ ਜਗਤਾਰ ਸਿੰਘ ਜੱਗੀ ਜੌਹਲ, ਜਗਜੀਤ ਸਿੰਘ, ਤਲਜੀਤ ਸਿੰਘ ਵਾਸੀ ਜੰਮੂ, ਗੁਰਪ੍ਰੀਤ ਸਿੰਘ ਵਾਸੀ ਕੋਟਕਪੂਰਾ ਅਤੇ ਤ੍ਰਿਲੋਕ ਸਿੰਘ ਵਾਸੀ ਕੈਨੇਡਾ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਅਸਲਾ ਐਕਟ ਅਤੇ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਐਕਟ ਦਾ ਕੇਸ ਦਰਜ ਕੀਤਾ ਸੀ। ਪੁਲਸ ਨੇ ਇਸ ਕੇਸ ਵਿੱਚ ਜੁਲਾਈ 2018 ਵਿੱਚ ਅਦਾਲਤ 'ਚ ਦੋਸ਼ ਪੱਤਰ ਦਾਇਰ ਕਰ ਕੇ ਦਾਅਵਾ ਕੀਤਾ ਸੀ ਕਿ ਇਹ ਸਾਰੇ ਵਿਅਕਤੀ ਖਾੜਕੂ ਜਥੇਬੰਦੀਆਂ ਨਾਲ ਮਿਲ ਕੇ ਪੰਜਾਬ ਦਾ ਮਾਹੌਲ ਖਰਾਬ ਕਰਨ ਲਈ ਸਰਗਰਮ ਸਨ। ਜਾਂਚ ਦੌਰਾਨ ਇਨ੍ਹਾਂ ਤੋਂ ਤਿੰਨ ਰਿਵਾਲਵਰ ਬਰਾਮਦ ਹੋਏ ਦੱਸੇ ਗਏ ਸਨ ਤੇ ਇਨ੍ਹਾਂ ਦੇ ਖਾਤਿਆਂ ਵਿੱਚ ਵਿਦੇਸ਼ਾਂ ਤੋਂ ਲੱਖਾਂ ਰੁਪਏ ਜਮ੍ਹਾਂ ਹੋਣਾ ਵੀ ਦੱਸਿਆ ਗਿਆ ਸੀ। ਇਸ ਦੀ ਪੜਤਾਲ ਡੀ ਜੀ ਪੀ ਦੇ ਹੁਕਮਾਂ 'ਤੇ ਅੰਮ੍ਰਿਤਸਰ ਦੇ ਸਪੈਸ਼ਲ ਅਪਰੇਸ਼ਨ ਸੈਲ ਨੇ ਕੀਤੀ ਤੇ ਦਾਅਵਾ ਕੀਤਾ ਸੀ ਕਿ ਇਹ ਸਾਰੇ ਮੁਲਜ਼ਮ ਖਾਲਿਸਤਾਨੀ ਜਥੇਬੰਦੀਆਂ ਨਾਲ ਮਿਲ ਕੇ ਧਾਰਮਿਕ ਆਗੂਆਂ ਨੂੰ ਕਤਲ ਕਰਾਉਣ ਅਤੇ ਖਾੜਕੂ ਗਰੁੱਪਾਂ ਦੀ ਹਮਾਇਤ ਕਰਦੇ ਹਨ ਅਤੇ ਉਨ੍ਹਾਂ ਨੂੰ ਪੰਜਾਬ ਵਿੱਚ ਅੱਤਵਾਦ ਫੈਲਾਉਣ ਲਈ ਫੰਡ ਪੁਚਾਉਂਦੇ ਹਨ।

ਜੱਗੀ ਜੌਹਲ ਦੇ ਵਕੀਲ ਮਨਦੀਪ ਚਾਨਣਾ ਨੇ ਦੱਸਿਆ ਕਿ ਪੁਲਸ ਦੀ ਜਾਂਚ ਨੁਕਸਦਾਰ ਅਤੇ ਗੈਰ ਕਾਨੂੰਨੀ ਸੀ। ਉਨ੍ਹਾਂ ਕਿਹਾ ਕਿ ਪੜਤਾਲ ਤੋਂ ਪਹਿਲਾਂ ਪੁਲਸ ਨੇ ਪੰਜਾਬ ਦੇ ਗ੍ਰਹਿ ਵਿਭਾਗ ਤੋਂ ਲੋੜੀਂਦੀ ਮਨਜ਼ੂਰੀ ਨਹੀਂ ਲਈ ਅਤੇ ਨਿਯਮਾਂ ਦੀ ਅਣਦੇਖੀ ਕਰਕੇ ਥਾਣਾ ਬਾਜਾਖਾਨਾ ਵਿਚ ਉਨ੍ਹਾਂ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ। ਅਦਾਲਤ ਨੇ ਇਸ ਦੀ ਲੰਬੀ ਸੁਣਵਾਈ ਤੋਂ ਬਾਅਦ ਸਾਰੇ ਮੁਲਜ਼ਮਾਂ ਨੂੰ ਕੇਸ 'ਚੋਂ ਬਰੀ ਕਰਨ ਦਾ ਹੁਕਮ ਦਿੱਤਾ।

# ਪੰਜਾਬ ਵਿੱਚ ਛੇ ਜੇਲ੍ਹਾਂ ਵਿੱਚ ਕੋਰਟ ਰੂਮ ਬਣੇ, ਕੈਦੀਆਂ ਦੀ ਪੇਸ਼ੀ ਜੇਲ੍ਹਾਂ ਵਿੱਚ ਹੋਣੀ ਸ਼ੁਰੂ

ਚੰਡੀਗੜ੍ਹ, 25 ਜੁਲਾਈ (ਪੋਸਟ ਬਿਊਰੋ)- ਅਦਾਲਤਾਂ ਵਿੱਚ ਪੇਸ਼ੀ 'ਤੇ ਜਾਣ ਸਮੇਂ ਗੈਂਗਸਟਰਾਂ ਅਤੇ ਹੋਰ ਖ਼ੂੰਖਾਰ ਕੈਦੀਆਂ ਦੇ ਭੱਜਣ ਦੀਆਂ ਘਟਨਾਵਾਂ ਤੋਂ ਬਚਣ ਲਈ ਜੇਲ੍ਹ ਵਿਭਾਗ ਵੱਡੀ ਯੋਜਨਾ 'ਤੇ ਕੰਮ ਕਰ ਰਿਹਾ ਹੈ। ਇਸ ਤਹਿਤ ਛੇ ਜੇਲ੍ਹਾਂ ਵਿੱਚ ਕੋਰਟ ਰੂਮ ਬਣ ਕੇ ਤਿਆਰ ਹੋ ਚੁੱਕੇ ਹਨ ਅਤੇ ਮੈਕਸੀਮਮ ਸਕਿਓਰਿਟੀ ਜੇਲ੍ਹ ਨਾਭਾ ਦਾ ਕੋਰਟ ਰੂਮ ਬਣਾਉਣ ਲਈ ਮੰਤਰੀ ਨੇ ਆਪਣੇ ਅਖਤਿਆਰੀ ਫੰਡ ਵਿੱਚੋਂ ਪੰਜ ਲੱਖ ਰੁਪਏ ਦਿੱਤੇ ਹਨ। ਜੇਲ੍ਹ ਵਿੱਚ ਕੋਰਟ ਰੂਮ ਤਿਆਰ ਹੋਣ ਦੀ ਸੂਚਨਾ ਪੰਜਾਬ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਭੇਜੀ ਜਾਵੇਗੀ ਤਾਂ ਕਿ ਜੇਲ੍ਹਾਂ ਅੰਦਰ ਹੀ ਕੈਦੀਆਂ ਦੇ ਮਾਮਲਿਆਂ ਦੀ ਸੁਣਵਾਈ ਦਾ ਇੰਤਜ਼ਾਮ ਹੋ ਸਕੇ ਅਤੇ ਅਦਾਲਤਾਂ ਤੱਕ ਨਾ ਜਾਣਾ ਪਵੇ।



ਪਤਾ ਲੱਗਾ ਹੈ ਕਿ ਅੰਮ੍ਰਿਤਸਰ, ਜਲੰਧਰ, ਕਪੂਰਥਲਾ, ਲੁਧਿਆਣਾ, ਪਟਿਆਲਾ ਅਤੇ ਬਠਿੰਡਾ ਦੀਆਂ ਕੇਂਦਰੀ ਜੇਲ੍ਹਾਂ ਵਿੱਚ ਕੋਰਟ ਰੂਮ ਬਣ ਚੁੱਕੇ ਹਨ ਤੇ ਮੈਕਸੀਮਮ ਸਕਿਓਰਿਟੀ ਜੇਲ੍ਹ ਦੇ ਕੋਰਟ ਰੂਮ ਬਣਾਉਣ ਲਈ ਵਿਭਾਗ ਨੂੰ ਨਿਰੇਦਸ਼ ਤੇ ਫੰਡ ਦੇ ਦਿੱਤੇ ਗਏ ਹਨ। ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਕਿਹਾ ਕਿ ਇਨ੍ਹਾਂ ਕੋਰਟ ਰੂਮਜ਼ ਵਿੱਚ ਸੁਣਵਾਈ ਸ਼ੁਰੂ ਕਰਨ ਲਈ ਛੇਤੀ ਹੀ ਰਸਮੀ ਤੌਰ 'ਤੇ ਵਿਭਾਗ ਵੱਲੋਂ ਚੀਫ ਜਸਟਿਸ ਨੂੰ ਬੇਨਤੀ ਕੀਤੀ ਜਾਵੇਗੀ।

ਇਸ ਦੇ ਨਾਲ ਮੰਤਰੀ ਨੇ ਕਿਹਾ ਕਿ ਸੂਬੇ ਦੀਆਂ ਜੇਲ੍ਹਾਂ ਵਿੱਚ ਅਕਸਰ ਨਸ਼ਾ ਅਤੇ ਮੋਬਾਈਲ ਆਦਿ ਦੇ ਫੜੇ ਜਾਣ ਪਿੱਛੋਂ ਇਹ ਸੱਚਾਈ ਵੀ ਸਾਹਮਣੇ ਆਈ ਹੈ ਕਿ ਜੇਲ੍ਹਾਂ ਦੇ ਆਸ ਪਾਸ ਦੇ ਇਲਾਕੇ ਤੋਂ ਜੇਲ੍ਹਾਂ ਅੰਦਰ ਮੁਲਜ਼ਮਾਂ ਦੇ ਸਾਥੀਆਂ ਵੱਲੋਂ ਪੈਕੇਟ ਸੁੱਟੇ ਜਾਂਦੇ ਹਨ। ਆਸਪਾਸ ਬਣੀਆਂ ਇਮਾਰਤਾਂ ਦੀ ਵਰਤੋਂ ਕਰ ਕੇ ਅਪਰਾਧਕ ਪ੍ਰਵਿਰਤੀ ਦੇ ਲੋਕ ਕੈਦੀਆਂ ਤੱਕ ਨਸ਼ਾ ਅਤੇ ਹੋਰ ਸਾਮਾਨ ਆਸਾਨੀ ਨਾਲ ਸੁੱਟ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਸਮੱਸਿਆ ਨਾਲ ਜੂਝਣ ਲਈ ਉਨ੍ਹਾਂ ਜੇਲ੍ਹਾਂ ਦੀ ਚਾਰਦੀਵਾਰੀ ਦੇ ਨਾਲ ਉਪਰੀ ਨੋਕ ਨੂੰ ਹੋਰ ਉੱਚਾ ਕਰਨ ਲਈ ਨੈੱਟ (ਜਾਲੀ) ਲਾਉਣ ਦੀਆਂ ਸੰਭਾਵਨਾਵਾਂ ਲੱਭਣ ਲਈ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਇਸ ਲਈ ਰਿਪੋਰਟ ਤਿਆਰ ਕਰਨ ਨੂੰ ਕਿਹਾ ਹੈ।

# ਪੰਜਾਬ ਵਿੱਚ 60 ਥਾਣਿਆਂ ਦੀ ਬਿਲਡਿੰਗ ਨਵੀਂ ਬਣਾਏ ਜਾਣ ਦਾ ਫੈਸਲਾ

ਜਲੰਧਰ, 25 ਜੁਲਾਈ (ਪੋਸਟ ਬਿਊਰੋ)- ਪੰਜਾਬ 'ਚ ਪੁਲਸ ਸੁਧਾਰਾਂ ਨੂੰ ਲਾਗੂ ਕਰਨ ਲਈ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਯਤਨ ਸ਼ੁਰੂ ਕਰ ਦਿੱਤੇ ਹਨ। ਇਸ ਵਿੱਚ ਮਾੜੀ ਹਾਲਤ ਵਾਲੇ 60 ਥਾਣਿਆਂ ਬਾਰੇ ਰਿਪੋਰਟਾਂ ਵੇਖਣ ਪਿੱਛੋਂ ਉਨ੍ਹਾਂ ਦੀ ਥਾਂ ਨਵੀਆਂ ਬਿਲਡਿੰਗਾਂ ਬਣਾਉਣ ਦਾ ਫੈਸਲਾ ਲਿਆ ਗਿਆ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਦੇ ਸਾਹਮਣੇ ਮਾੜੀ ਹਾਲਤ ਵਾਲੇ ਪੁਲਸ ਥਾਣਿਆਂ ਬਾਰੇ ਰਿਪੋਰਟ ਪੇਸ਼ ਹੋਈ ਤਾਂ ਇਸ ਦਾ ਅਧਿਐਨ ਕਰਨ ਪਿੱਛੋਂ ਉਨ੍ਹਾਂ ਦੀ ਥਾਂ ਨਵੇਂ ਥਾਣੇ ਬਣਾਉਣ ਦਾ ਫੈਸਲਾ ਹੋਇਆ। ਇਸ ਮੰਤਵ ਲਈ ਪੈਸੇ ਦਾ ਪ੍ਰਬੰਧ ਕਰਨ ਲਈ ਪੰਜਾਬ ਸਰਕਾਰ ਨੇ ਹੁਡਕੋ ਤੋਂ 150 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਪਤਾ ਲੱਗਾ ਹੈ ਕਿ



ਨਵੇਂ ਥਾਣਿਆਂ ਦੀ ਉਸਾਰੀ ਉਨ੍ਹਾਂ ਜ਼ਿਲ੍ਹਿਆਂ ਵਿੱਚ ਕੀਤੀ ਜਾਏਗੀ, ਜਿੱਥੇ ਪ੍ਰਸ਼ਾਸਨ ਨੇ ਇਸ ਲਈ ਜ਼ਮੀਨ ਦਿੱਤੀ ਹੈ। ਪੰਜਾਬ ਪੁਲਸ ਹਾਊਸਿੰਗ ਡਿਵੈਲਪਮੈਂਟ ਕਾਰਪੋਰੇਸ਼ਨ ਵੱਲੋਂ ਨਵੇਂ ਥਾਣੇ ਬਣਾਉਣ ਲਈ ਟੈਂਡਰ ਜਾਰੀ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਨੇ ਪੁਲਸ ਨੂੰ ਨਿਰਦੇਸ਼ ਦਿੱਤੇ ਹਨ ਕਿ ਨਵੇਂ ਬਣ ਰਹੇ ਥਾਣੇ ਆਧੁਨਿਕ ਕਿਸਮ ਦੇ ਹੋਣੇ ਚਾਹੀਦੇ ਹਨ ਤੇ ਪੁਲਸ ਮੁਲਾਜ਼ਮਾਂ ਨੂੰ ਸਭ ਸਹੂਲਤਾਂ ਮਿਲਣ ਦੇ ਨਾਲ ਥਾਣਿਆਂ 'ਚ ਆਏ ਲੋਕਾਂ ਦੇ ਬੈਠਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਇਸ ਲਈ ਵਧੀਆ ਆਰਕੀਟੈਕਟਾਂ ਕੋਲੋਂ ਥਾਣਿਆਂ ਦੇ ਨਕਸ਼ੇ ਬਣਵਾਏ ਜਾ ਰਹੇ ਹਨ। ਪਿਛਲੇ 10 ਸਾਲਾਂ ਦੌਰਾਨ ਨਵੇਂ ਥਾਣੇ ਬਣਾਉਣ ਵੱਲ ਵਧੇਰੇ ਧਿਆਨ ਨਹੀਂ ਦਿੱਤਾ ਗਿਆ।

ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਪੰਜਾਬ 'ਚ ਕਈ ਥਾਣਿਆਂ ਦੀ ਹਾਲਤ ਮਾੜੀ ਹੈ ਅਤੇ ਨਵੇਂ ਥਾਣੇ ਬਣਾਉਣ ਦੀ ਲੋੜ ਹੈ। ਸੁਰੱਖਿਆ ਪੱਖੋਂ ਪੁਰਾਣੇ ਥਾਣੇ ਠੀਕ ਨਹੀਂ। ਨਵੇਂ ਥਾਣੇ ਬਣਾਉਂਦੇ ਸਮੇਂ ਉਥੇ ਪੱਕੇ ਮੋਰਚੇ ਵੀ ਬਣਾਏ ਜਾਣਗੇ।

## ਗੁਰਦੁਆਰੇ ਤੋਂ ਅਨਾਊਂਸਮੈਂਟ

# ਭਾਈ ! ਬਿਜਲੀ ਵਾਲੇ ਆਏ ਨੇ, ਕੁੰਡੀਆਂ ਲਾਹ ਦਿਓ ਤੇ ਘੇਰਾ ਪਾ ਲਓ ਭਾਈ ਓਏ !

ਬਠਿੰਡਾ, 25 ਜੁਲਾਈ (ਪੋਸਟ ਬਿਊਰੋ)- 'ਭਾਈ, ਬਿਜਲੀ ਵਾਲੇ ਆ ਗਏ ਨੇ, ਕੁੰਡੀਆਂ ਲਾਹ ਦਿਓ ਤੇ ਘੇਰਾ ਪਾ ਲਓ।' ਗੁਰੂ ਘਰ ਵਿੱਚੋਂ ਇਹ ਮੁਨਿਆਦੀ ਉਦੋਂ ਹੋਈ, ਜਦੋਂ ਪਾਵਰਕੌਮ ਦੇ ਉਡਣ ਦਸਤੇ ਨੇ ਇਕ ਪਿੰਡ ਵਿੱਚ ਬਿਜਲੀ ਚੋਰੀ ਫੜਨ ਲਈ ਸ਼ੁਰੂ ਕੀਤੀ ਮੁਹਿੰਮ ਹੇਠ ਛਾਪਾ ਮਾਰਿਆ। ਉਡਣ ਦਸਤੇ ਦੇ ਇੰਚਾਰਜ ਐਕਸੀਅਨ ਨੇ ਬਠਿੰਡਾ-ਮੁਕਤਸਰ ਰੋਡ ਦੇ ਇਕ ਪਿੰਡ ਦੀ ਇਹ ਘਟਨਾ ਦੱਸੀ ਹੈ, ਜਿਥੇ ਗੁਰਦੁਆਰੇ ਤੋਂ ਲੋਕਾਂ ਨੂੰ ਫੌਰੀ ਕੁੰਡੀਆਂ ਲਾਹੁਣ ਲਈ ਸੁਚੇਤ ਕੀਤਾ ਗਿਆ। ਕੱਲ੍ਹ ਥਾਣਾ ਨਿਹਾਲ ਸਿੰਘ ਵਾਲਾ ਦੇ ਪਿੰਡ ਹਿੰਮਤਪੁਰਾ ਵਿੱਚ ਵੀ ਇਹੋ ਕੁਝ ਵਾਪਰਿਆ ਅਤੇ ਓਥੋਂ ਦੇ ਗੁਰਦੁਆਰੇ ਵਿੱਚ ਵੀ ਇਸੇ ਤਰ੍ਹਾਂ ਦੀ ਮੁਨਿਆਦੀ ਕਰਵਾਈ ਗਈ ਸੀ।

ਥਾਣਾ ਨਿਹਾਲ ਸਿੰਘ ਵਾਲਾ 'ਚ ਦਰਜ ਕੇਸ ਅਨੁਸਾਰ ਜਦੋਂ ਬਿਜਲੀ ਵਿਭਾਗ ਦੀ ਟੀਮ ਨੇ ਪਿੰਡ ਹਿੰਮਤਪੁਰਾ ਵਿੱਚ ਛਾਪਾ ਮਾਰਿਆ ਤਾਂ ਪਿੰਡ ਦੇ ਗੁਰਦੁਆਰੇ ਵਿੱਚੋਂ ਕਿਸੇ ਨੇ ਮੁਨਿਆਦੀ ਕਰ ਦਿੱਤੀ ਕਿ ਬਿਜਲੀ ਵਾਲੇ ਚੈਕਿੰਗ ਕਰਨ ਆਏ ਨੇ, ਉਨ੍ਹਾਂ ਨੂੰ ਰੋਕਿਆ ਜਾਵੇ। ਪਿੰਡ ਵਾਲੇ ਇਕੱਠੇ ਹੋ ਗਏ ਅਤੇ ਉਡਣ ਦਸਤੇ ਨੂੰ ਰੋਕ ਦਿੱਤਾ। ਮਾਨਸਾ ਜ਼ਿਲੇ ਦੇ ਇਕ ਪਿੰਡ ਵਿੱਚ ਵੀ ਕੁਝ ਸਮਾਂ ਪਹਿਲਾਂ ਇੰਜ ਮੁਨਿਆਦੀ ਹੋਈ ਸੀ। ਪਿੰਡ ਵਜੀਦਕੇ 'ਚ ਵੀ ਬਿਜਲੀ ਟੀਮ ਦੇ ਘਿਰਾਓ ਤੋਂ ਪਹਿਲਾਂ ਗੁਰਦੁਆਰੇ ਵਿੱਚੋਂ ਮੁਨਿਆਦੀ ਹੋਈ ਸੀ। ਐਕਸੀਅਨ ਰਵਿੰਦਰ ਸਿੰਘ ਸੇਖੋਂ ਨੇ ਦੱਸਿਆ ਕਿ ਜਦੋਂ ਉਹ ਛਾਪੇ ਮਾਰਦੇ ਹਨ ਤਾਂ ਅਕਸਰ ਲੋਕ ਇਕ ਦੂਜੇ ਨੂੰ ਇਹ ਆਖਦੇ ਸੁਣੇ ਜਾਂਦੇ ਹਨ, 'ਐਵੇਂ ਬਿੱਲ



ਭਰੀ ਜਾਨੈਂ, ਤੂੰ ਕੁੰਡੀ ਨੀਂ ਲਾਈ, ਕਮਾਲ ਦਾ ਬੰਦਾ ਐਂ।' ਉਨ੍ਹਾਂ ਆਖਿਆ ਕਿ ਪਹਿਲਾਂ ਲੋਕ ਬਿਜਲੀ ਚੋਰੀ ਦਾ ਭੇਤ ਖੁੱਲ੍ਹਣ 'ਤੇ ਸ਼ਰਮ ਮੰਨਦੇ ਸਨ, ਅੱਜ ਕੱਲ੍ਹ ਮਾਣ ਵਾਲੀ ਗੱਲ ਸਮਝਦੇ ਹਨ। ਮਿਲੀ ਜਾਣਕਾਰੀ ਅਨੁਸਾਰ ਤਰਨ ਤਾਰਨ ਜ਼ਿਲੇ ਵਿੱਚ ਵੀ ਏਦਾਂ ਦੀ ਮੁਨਿਆਦੀ ਹੋਈ ਸੀ।

ਪਤਾ ਲੱਗਾ ਕਿ ਕਾਫੀ ਸਮੇਂ ਮਗਰੋਂ ਪਾਵਰਕੌਮ ਨੇ ਰੋਜ਼ਾਨਾ ਛਾਪੇ ਮਾਰਨੇ ਸ਼ੁਰੂ ਕੀਤੇ ਹਨ। ਕੱਲ੍ਹ ਬਾਘਾ ਪੁਰਾਣਾ ਸਬ ਡਿਵੀਜ਼ਨ ਵਿੱਚ 13 ਉਡਣ ਦਸਤਿਆਂ ਨੇ 316 ਬਿਜਲੀ ਕੁਨੈਕਸ਼ਨਾਂ ਦੀ ਚੈਕਿੰਗ ਕੀਤੀ, ਜਿਨ੍ਹਾਂ ਵਿੱਚੋਂ 39 ਚੋਰੀ ਦੇ ਕੇਸ ਫੜੇ ਗਏ ਅਤੇ 65 ਕੁਨੈਕਸ਼ਨ ਨਿਯਮਾਂ ਦੀ ਉਲੰਘਣਾ ਵਾਲੇ ਫੜੇ ਗਏ। ਇਨ੍ਹਾਂ ਨੂੰ ਕਰੀਬ 19.17 ਲੱਖ ਰੁਪਏ ਜੁਰਮਾਨਾ ਪਾਇਆ ਗਿਆ। ਇਨਫੋਰਸਮੈਂਟ ਬਠਿੰਡਾ ਦੇ ਨਿਗਰਾਨ ਇੰਜੀਨੀਅਰ ਸੁਰੇਸ਼ ਗਰਗ ਨੇ ਆਖਿਆ ਕਿ ਬਿਜਲੀ ਚੋਰੀ ਫੜਨ ਦੀ ਮੁਹਿੰਮ ਜਾਰੀ ਰਹੇਗੀ। ਪਾਵਰਕੌਮ ਨੇ ਜ਼ੀਰਾ, ਵਜੀਦਕੇ, ਤਰਨ ਤਾਰਨ ਅਤੇ ਹਿੰਮਤਪੁਰਾ ਮਾਮਲੇ ਵਿੱਚ ਕੇਸ ਦਰਜ ਕਰਵਾਏ ਹਨ ਅਤੇ ਦਰਜਨਾਂ ਪਿੰਡਾਂ ਵਿੱਚ ਬਿਜਲੀ ਟੀਮਾਂ ਦਾ ਲੋਕਾਂ ਵੱਲੋਂ ਘਿਰਾਓ ਵੀ ਹੋ ਚੁੱਕਾ ਹੈ।








## ਮਾਮਲਾ ਮੌਬ ਲਿੰਚਿੰਗ ਦਾ:
# ਅਕਬਰੂਦੀਨ ਨੇ ਮੁਸਲਮਾਨਾਂ ਨੂੰ ਸ਼ੇਰ ਬਣਨ ਲਈ ਕਿਹਾ

ਕਰੀਮ ਨਗਰ (ਆਂਧਰਾ ਪ੍ਰਦੇਸ਼), 25 ਜੁਲਾਈ (ਪੋਸਟ ਬਿਊਰੋ)- ਆਲ ਇੰਡੀਆ ਮਜਲਿਸ ਏ ਇਤਿਹਾਦੁਲ ਮੁਸਲਮੀਨ ਦੇ ਮੁਖੀ ਅਸਦੂਦੀਨ ਓਵੈਸੀ ਦੇ ਭਰਾ ਅਕਬਰੂਦੀਨ ਓਵੈਸੀ ਨੇ ਮੁੜ ਵਿਵਾਦ ਵਾਲਾ ਬਿਆਨ ਦਿੱਤਾ ਹੈ।



ਆਪਣੀ ਲੰਬੀ ਬਿਮਾਰੀ ਪਿੱਛੋਂ ਤੰਦਰੁਸਤ ਹੋਣ 'ਤੇ ਉਨ੍ਹਾਂ ਇੱਕ ਜਲਸੇ 'ਚ ਮੌਬ ਲਿੰਚਿੰਗ ਦੇ ਮੁੱਦੇ 'ਤੇ ਮੁਸਲਮਾਨਾਂ ਨੂੰ ਸ਼ੇਰ ਸੁਣਨ ਦੀ ਸਲਾਹ ਦਿੱਤੀ ਅਤੇ ਇੱਕ ਵਾਰ ਮੁੜ ਆਪਣੀ '15 ਮਿੰਟ' ਵਾਲੀ ਗੱਲ ਦੁਹਰਾਈ। ਉਨ੍ਹਾਂ ਨੇ ਕਿਹਾ ਕਿ ਦੁਨੀਆ ਉਸੇ ਨੂੰ ਡਰਾਉਂਦੀ ਹੈ, ਜੋ ਡਰਦਾ ਹੈ। ਨਾਲ ਹੀ ਦੁਨੀਆ ਉਸੇ ਕੋਲੋਂ ਡਰਦੀ ਹੈ, ਜੋ ਡਰਾਉਣਾ ਜਾਣਦਾ ਹੈ। ਮੌਬ ਲਿੰਚਿੰਗ ਵਾਲੇ ਅਤੇ ਆਰ ਐੱਸ ਐੱਸ ਵਾਲੇ ਮੇਰੇ ਕੋਲੋਂ ਇਸੇ ਲਈ ਡਰਦੇ ਹਨ। ਮੁਸਲਮਾਨਾਂ ਨੂੰ ਸ਼ੇਰ ਬਣਨਾ ਹੋਵੇਗਾ ਤਾਂ ਜੋ ਕੋਈ 'ਚਾਹ ਵਾਲਾ' ਉਨ੍ਹਾਂ ਦੇ ਸਾਹ-ਮਣੇ ਆ ਕੇ ਖੜ੍ਹਾ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਜਦੋਂ ਮੁਸਲਮਾਨਾਂ ਵਿੱਚ ਸ਼ਹਾਦਤ ਦਾ ਜਜ਼ਬਾ ਆ ਜਾਵੇਗਾ ਤਾਂ ਮੌਬ ਲਿੰਚਿੰਗ ਕਰਨ ਵਾਲਾ ਜਾਂ ਆਰ ਐੱਸ ਐੱਸ ਵਾਲਾ ਸਾਡਾ ਕੁਝ ਨਹੀਂ ਵਿਗਾੜ ਸਕੇਗਾ। ਉਨ੍ਹਾਂ ਕਿਹਾ ਕਿ 'ਸੌ ਸੁਨਾਰ ਕੀ, ਏਕ ਲੋਹਾਰ ਕੀ' ਭਾਵ ਅਕਬਰੂਦੀਨ ਨਾਲ ਨਫਰਤ ਇਸੇ ਲਈ ਕੀਤੀ ਜਾਂਦੀ ਹੈ ਕਿਉਂਕਿ ਮੇਰੇ ਕੋਲੋਂ ਮੌਬ ਲਿੰਚਿੰਗ ਕਰਨ ਵਾਲੇ ਅਤੇ ਆਰ ਐੱਸ ਐੱਸ ਵਾਲੇ ਦੋਵੇਂ ਡਰਦੇ ਹਨ।

ਅਕਬਰੂਦੀਨ ਓਵੈਸੀ ਨੇ ਛੇ ਸਾਲ ਪਹਿਲਾਂ 2013 ਵਿੱਚ ਕਿਹਾ ਸੀ ਕਿ ਅਸੀਂ ਭਾਰਤ 'ਚ 25 ਕਰੋੜ ਮੁਸਲਮਾਨ ਹਾਂ, ਹਿੰਦੂ 100 ਕਰੋੜ ਹਨ। 15 ਮਿੰਟ ਲਈ ਪੁਲਸ ਨੂੰ ਹਟਾ ਦਿਓ, ਫਿਰ ਦੇਖੋ ਕਿਸ 'ਚ ਕਿੰਨਾ ਦਮ ਹੈ। ਦੁਸ਼ਮਣ ਅੱਜ ਇਸ ਲਈ ਮਜ਼ਬੂਤ ਹੋ ਰਿਹਾ ਹੈ ਕਿ ਅਸੀਂ ਮੁਸਲਮਾਨ ਵੰਡੇ ਗਏ ਹਾਂ। ਸਾਨੂੰ ਕੋਈ ਵੀ ਨਾ ਜਿਤਾਏ, ਪਰ ਸਾਨੂੰ ਭਾਜਪਾ ਦੀ ਜਿੱਤ ਪ੍ਰਵਾਨ ਨਹੀਂ। ਭਾਜਪਾ ਵਾਲੇ ਸਾਡੇ ਖ਼ੂਨ ਦੇ ਪਿਆਸੇ ਹਨ। ਸਾਰੇ ਮੁਸਲਮਾਨ ਭਾਜਪਾ ਵਿਰੁੱਧ ਇਕਮੁੱਠ ਹੋ ਜਾਣ।

# ਸੁਪਰੀਮ ਕੋਰਟ ਵਲੋਂ ਪੰਜਾਬ ਤੋਂ ਮਾਈਨਿੰਗ ਬਾਰੇ ਜਵਾਬ ਮੰਗਿਆ ਗਿਆ

ਨਵੀਂ ਦਿੱਲੀ, 25 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਨਾਜਾਇਜ਼ ਰੇਤ ਮਾਈਨਿੰਗ ਉਤੇ ਰੋਕ ਲਾਉਣ ਅਤੇ ਨਾਜਾਇਜ਼ ਮਾਈਨਿੰਗ ਦੇ ਦੋਸ਼ੀਆਂ ਖਿਲਾਫ ਜਾਂਚ ਕਰਕੇ ਮਾਈਨਿੰਗ ਠੇਕੇ ਰੱਦ ਕਰਨ ਦੀ ਮੰਗ 'ਤੇ ਕੇਂਦਰ ਅਤੇ ਪੰਜਾਬ ਸਮੇਤ ਪੰਜ ਸੂਬਿਆਂ ਅਤੇ ਸੀ ਬੀ ਆਈ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਪੰਜ ਸੂਬਿਆਂ 'ਚ ਪੰਜਾਬ, ਤਾਮਿਲ ਨਾਡੂ, ਮੱਧ ਪ੍ਰਦੇਸ਼, ਆਂਧਰ ਪ੍ਰਦੇਸ਼ ਅਤੇ ਮਹਾਰਾਸ਼ਟਰ ਹਨ।



ਇਹ ਨੋਟਿਸ ਕੱਲ੍ਹ ਜਸਟਿਸ ਐਸ ਏ ਬੋਬਡੇ, ਜਸਟਿਸ ਆਰ ਸੁਭਾਸ਼ ਰੈਡੀ ਅਤੇ ਜਸਟਿਸ ਬੀ ਆਰ ਗਵਈ ਦੇ ਬੈਂਚ ਨੇ ਪਟੀਸ਼ਨ ਕਰਤਾ ਐਮ ਅਲਾਗਰਸਾਮੀ ਦੀ ਅਰਜ਼ੀ 'ਤੇ ਸੁਣਵਾਈ ਕਰਨ ਤੋਂ ਬਾਅਦ ਦਿੱਤੇ। ਸ਼ੁਰੂ ਵਿੱਚ ਕੋਰਟ ਨੇ ਪਟੀਸ਼ਨ ਕਰਤਾ ਵੱਲੋਂ ਪੇਸ਼ ਵਕੀਲ ਪ੍ਰਸ਼ਾਂਤ ਭੂਸ਼ਣ ਅਤੇ ਪ੍ਰਣਾਬ ਸਚਦੇਵਾ ਨੂੰ ਕਿਹਾ ਕਿ ਉਨ੍ਹਾਂ ਨੂੰ ਪਹਿਲਾਂ ਹਾਈ ਕੋਰਟ ਜਾਣਾ ਚਾਹੀਦਾ ਸੀ ਤਾਂ ਜੋ ਸੁਪਰੀਮ ਕੋਰਟ ਨੂੰ ਹਾਈ ਕੋਰਟ ਦੇ ਆਦੇਸ਼ ਦੇਖਣ ਦਾ ਮੌਕਾ ਮਿਲਦਾ। ਇਸ ਉਤੇ ਭੂਸ਼ਣ ਨੇ ਕਿਹਾ ਕਿ ਪੂਰੇ ਦੇਸ਼ 'ਚ ਨਦੀਆਂ ਅਤੇ ਸਮੁੰਦਰ ਦੇ ਕੰਢਿਆਂ 'ਤੇ ਨਾਜਾਇਜ਼ ਮਾਈਨਿੰਗ ਹੋ ਰਹੀ ਹੈ। ਰਾਜਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਮਾਈਨਿੰਗ ਨੂੰ ਨਿਯਮਤ ਕਰਨ, ਪਰ ਸੂਬੇ ਏਦਾਂ ਕਰ ਸਕਣ ਤੋਂ ਨਾਕਾਮ ਹਨ। ਉਨ੍ਹਾਂ ਕਿਹਾ ਕਿ ਨਾਜਾਇਜ਼ ਰੇਤ ਮਾਈਨਿੰਗ ਦੇ ਦੋਸ਼ੀਆਂ 'ਤੇ ਕੇਸ ਚਲਾਇਆ ਜਾਵੇ ਅਤੇ ਉਨ੍ਹਾਂ ਦੇ ਠੇਕੇ ਰੱਦ ਕੀਤੇ ਜਾਣ। ਵਾਤਾਵਰਨ ਪ੍ਰਭਾਵ ਦੀ ਸਮੀਖਿਆ ਅਤੇ ਨਿਯਮਾਂ ਦੀ ਸਖਤ ਪਾਲਣਾ ਦੇ ਬਗੈਰ ਰੇਤ ਮਾਈਨਿੰਗ ਦੀ ਖੁੱਲ੍ਹ ਨਾ ਦਿੱਤੀ ਜਾਵੇ।

ਇਸ ਪਟੀਸ਼ਨ 'ਚ ਨਾਜਾਇਜ਼ ਮਾਈਨਿੰਗ ਦੇ ਕੇਸਾਂ ਦੀ ਜਾਂਚ ਸੀ ਬੀ ਆਈ ਤੋਂ ਕਰਵਾਉਣ ਦੀ ਮੰਗ ਕਰਦੇ ਹੋਏ ਪੰਜਾਂ ਸੂਬਿਆਂ 'ਚ ਮਾਈਨਿੰਗ ਦੇ ਬਾਰੇ ਰਿਪੋਰਟਾਂ ਦਾ ਹਵਾਲਾ ਦਿੱਤਾ ਗਿਆ। ਪਟੀਸ਼ਨ 'ਚ ਮੰਗ ਕੀਤੀ ਗਈ ਕਿ ਸਰਕਾਰਾਂ ਨੂੰ ਨਿਰਦੇਸ਼ ਦਿੱਤਾ ਜਾਵੇ ਕਿ ਉਹ ਵਾਤਾਵਰਨ ਪ੍ਰਭਾਵ ਦੀ ਸਮੀਖਿਆ, ਵਾਤਾਵਰਨ ਮੈਨੇਜਮੈਂਟ ਤੇ ਲੋਕ ਸਲਾਹਕਾਰ ਅਤੇ ਵਾਤਾਵਰਨ ਪ੍ਰਭਾਵ ਨੋਟੀਫਿਕੇਸ਼ਨ 2006 ਦੀ ਸਮੀਖਿਆ ਤੋਂ ਬਗੈਰ ਮਾਈਨਿੰਗ ਦੀ ਵਾਤਾਵਰਨ ਮਨਜ਼ੂਰੀ ਨਹੀਂ ਦੇਣਗੇ। ਮਾਈਨਿੰਗ ਦਾ ਠੇਕਾ ਰੱਖਣ ਵਾਲੇ ਸਾਰੇ ਠੇਕੇਦਾਰਾਂ ਨੂੰ ਆਦੇਸ਼ ਦਿੱਤਾ ਜਾਵੇ ਕਿ ਉਹ ਵਾਤਾਵਰਨ ਪ੍ਰਭਾਵ ਸਮੀਖਿਆ, ਵਾਤਾਵਰਨ ਮੈਨੇਜਮੈਂਟ ਅਤੇ ਨੋਟੀਫਿਕੇਸ਼ਨ 2006 ਲਈ ਅਪਲਾਈ ਕਰਨ। ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤਾ ਜਾਵੇ ਕਿ ਉਹ ਉਸ ਖੇਤਰ 'ਚ ਮਾਈਨਿੰਗ ਦੇ ਵਾਤਾਵਰਨ ਦੀ ਸਮੀਖਿਆ ਕੀਤੇ ਬਗੈਰ ਕੋਈ ਮਨਜ਼ੂਰੀ ਨਹੀਂ ਦੇਵੇਗੀ। ਇਸ ਤੋਂ ਇਲਾਵਾ ਐ ਐਮ ਡੀ ਆਰ ਕਾਨੂੰਨ 1957 ਦੇ ਤਹਿਤ ਮਾਈਨਿੰਗ ਪਲਾਨ ਮਨਜ਼ੂਰ ਕਰਵਾਉਣਾ ਜ਼ਰੂਰੀ ਕੀਤਾ ਜਾਵੇ।

# ਸਾਰੇ ਸਾਬਕਾ ਪ੍ਰਧਾਨ ਮੰਤਰੀਆਂ ਦੀ ਯਾਦ 'ਚ ਦਿੱਲੀ 'ਚ ਅਜਾਇਬ ਘਰ ਬਣੇਗਾ: ਮੋਦੀ

ਨਵੀਂ ਦਿੱਲੀ, 25 ਜੁਲਾਈ (ਪੋਸਟ ਬਿਊਰੋ)- ਦੇਸ਼ ਵਿੱਚ ਨਵੇਂ ਸਿਆਸੀ ਸੱਭਿਆਚਾਰ ਦੀ ਵਕਾਲਤ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਾਰੇ ਸਾਬਕਾ ਪ੍ਰਧਾਨ ਮੰਤਰੀਆਂ ਦੀ ਯਾਦ ਨੂੰ ਸਮਰਪਿਤ ਇਕ ਵੱਡਾ ਅਜਾਇਬ ਘਰ ਬਣਾਏਗੀ, ਜਿਹੜਾ ਯਾਦਾਂ ਨੂੰ ਤਾਜ਼ਾ ਰੱਖੇਗਾ।



ਰਾਜ ਸਭਾ ਦੇ ਉਪ ਚੇਅਰਮੈਨ ਹਰੀਵੰਸ਼ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਉਤੇ ਲਿਖੀ ਇਕ ਕਿਤਾਬ ਨੂੰ ਜਾਰੀ ਕਰਨ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ 'ਤੇ ਸਿੱਧੇ ਤੌਰ 'ਤੇ ਹਮਲਾ ਕਰਦਿਆਂ ਕਿਹਾ ਕਿ ਰਾਜਨੀਤਕ ਵਰਗ ਦੀ ਇਕ ਖਾਸ ਜਮਾਤ ਨੇ ਸਾਬਕਾ ਪ੍ਰਧਾਨ ਮੰਤਰੀਆਂ ਦੀਆਂ ਯਾਦਾਂ ਮਿਟਾਉਣ ਦੀ ਕੋਸ਼ਿਸ਼ ਕੀਤੀ ਹੈ। ਆਜ਼ਾਦੀ ਤੋਂ ਬਾਅਦ ਬੀ ਆਰ ਅੰਬੇਡਕਰ ਤੇ ਸਰਦਾਰ ਪਟੇਲ ਦੇ ਅਕਸ ਨੂੰ ਨੁਕਸਾਨ ਪੁਚਾਉਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ। ਮੋਦੀ ਨੇ ਕਿਹਾ ਕਿ ਜੇ ਅੱਜ ਦੀ ਪੀੜ੍ਹੀ ਤੋਂ ਮੁਰਾਰਜੀ ਦੇਸਾਈ ਅਤੇ ਲਾਲ ਬਹਾਦਰ ਸ਼ਾਸਤਰੀ ਬਾਰੇ ਪੁੱਛਿਆ ਜਾਂਦਾ ਹੈ ਤਾਂ ਉਹ ਸ਼ਾਇਦ ਹੀ ਉਨ੍ਹਾਂ ਬਾਰੇ ਜਾਣਦੇ ਹਨ। ਉਨ੍ਹਾਂ ਕਿਹਾ ਕਿ ਤੁਹਾਡੇ ਸਾਰਿਆਂ ਦੇ ਅਸ਼ੀਰਵਾਦ ਸਦਕਾ ਮੈਂ ਸਾਰੇ ਸਾਬਕਾ ਪ੍ਰਧਾਨ ਮੰਤਰੀਆਂ ਦੀ ਯਾਦ 'ਚ ਇਕ ਵੱਡਾ ਅਜਾਇਬਘਰ ਬਣਾਉਣ ਦਾ ਫੈਸਲਾ ਕੀਤਾ ਹੈ। ਇੰਦਰ ਕੁਮਾਰ ਗੁਜਰਾਲ, ਦੇਵਗੌੜਾ ਤੇ ਡਾ. ਮਨਮੋਹਨ ਸਿੰਘ ਦਾ ਜ਼ਿਕਰ ਕਰਦਿਆਂ ਮੋਦੀ ਨੇ ਕਿਹਾ ਕਿ ਉਨ੍ਹਾਂ ਸਾਰਿਆਂ ਨੇ ਯੋਗਦਾਨ ਦਿੱਤਾ ਹੈ ਅਤੇ ਇਸ ਨੂੰ ਮੰਨਣਾ ਚਾਹੀਦਾ ਹੈ। ਉਹ ਸਾਰੇ ਸਾਬਕਾ ਪ੍ਰਧਾਨ ਮੰਤਰੀਆਂ ਦੇ ਪਰਵਾਰਾਂ ਨੂੰ ਉਨ੍ਹਾਂ ਨਾਲ ਸਬੰਧਤ ਜਾਣਕਾਰੀ ਤੇ ਚੀਜ਼ਾਂ ਮੁਹੱਈਆ ਕਰਵਾਉਣ ਦੀ ਅਪੀਲ ਕੀਤੀ ਤਾਂ ਜੋ ਉਸ ਨੂੰ ਅਜਾਇਬ ਘਰ 'ਚ ਵਰਤਿਆ ਜਾ ਸਕੇ।

# ਭਾਜਪਾ ਦੇ ਦੋ ਮੋਹਰੀ ਸੰਗਠਨਾਂ ਦੇ ਆਗੂਆਂ ਦਾ ਅਸ਼ਲੀਲ ਵੀਡੀਓ ਵਾਇਰਲ, ਦੋਵੇਂ ਸਸਪੈਂਡ

ਕੁੱਲੂ, 25 ਜੁਲਾਈ (ਪੋਸਟ ਬਿਊਰੋ)- ਭਾਜਪਾ ਦੇ ਦੋ ਮੋਹਰੀ ਸੰਗਠਨਾਂ ਦੇ ਆਗੂਆਂ ਦਾ ਅਸ਼ਲੀਲ ਵੀਡੀਓ ਵਾਇਰਲ ਹੋ ਰਿਹਾ ਹੈ। ਇਸ ਵਿੱਚ ਇੱਕ ਮਹਿਲਾ ਆਗੂ ਤੇ ਇੱਕ ਯੂਥ ਆਗੂ ਸ਼ੱਕੀ ਹਾਲਤ ਵਿੱਚ ਨਜ਼ਰ ਆ ਰਹੇ ਹਨ। ਕੁੱਲ 12 ਮਿੰਟ 35 ਸੈਕਿੰਡ ਦਾ ਇਹ ਅਸ਼ਲੀਲ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ ਤੇ ਇਸ ਨਾਲ ਸੂਬੇ ਵਿੱਚ ਸਿਆਸੀ ਭੂਚਾਲ ਜਿਹਾ ਆ ਗਿਆ ਹੈ। ਇਹ ਵੀਡੀਓ ਕਿਸੇ ਹੋਟਲ ਦੇ ਇਸ਼ਨਾਨ ਘਰ ਵਿੱਚ ਬਣਾਇਆ ਗਿਆ ਹੈ। ਦੱਸਿਆ ਜਾਂਦਾ ਹੈ ਕਿ ਚੋਣ ਪ੍ਰਚਾਰ ਲਈ ਕੁੱਲੂ ਦੇ ਕੁਝ ਅਹੁਦੇਦਾਰ ਸ਼ਿਮਲਾ ਨੂੰ ਗਏ ਸਨ। ਇਸੇ ਦੌਰਾਨ ਸ਼ਿਮਲਾ ਵਿੱਚ ਇਹ ਵੀਡੀਓ ਬਣਾਇਆ ਗਿਆ। ਬੰਜਾਰ ਮੰਡਲ ਦੇ ਪ੍ਰਧਾਨ ਬਲਦੇਵ ਮਹੰਤ ਅਤੇ ਸਥਾਨਕ ਵਿਧਾਇਕ ਸੁਰਿੰਦਰ ਸ਼ੋਰੀ ਨੇ ਦੱਸਿਆ ਕਿ ਪਾਰਟੀ ਨੇ ਕਾਰਵਾਈ ਕਰਦੇ ਹੋਏ ਦੋਵਾਂ ਨੂੰ ਪਾਰਟੀ ਤੋਂ ਸਸਪੈਂਡ ਕਰ ਦਿੱਤਾ ਹੈ। ਭਾਜਪਾ ਦੁਨੀਆ ਦੀ ਇੱਕ ਅਜਿਹੀ ਸਿਆਸੀ ਪਾਰਟੀ ਬਣ ਗਈ ਹੈ ਜਿਸ ਦੇ ਸਭ ਤੋਂ ਵੱਧ ਮੈਂਬਰ ਹਨ ਤੇ ਕੇਂਦਰ ਵਿੱਚ ਮੁੜ ਸਰਕਾਰ ਬਣਾ ਚੁੱਕੀ ਹੈ। ਕੁਝ ਰੰਗੀਨ ਅਹੁਦੇਦਾਰਾਂ ਨੇ ਪਾਰਟੀ ਦੇ ਅਕਸ ਨੂੰ ਧੁੰਦਲਾ ਕਰ ਦਿੱਤਾ ਹੈ। ਇਸ ਕਾਂਡ ਵਿੱਚ ਔਰਤ ਦੇ ਸ਼ੋਸ਼ਣ ਦੀ ਵੀ ਗੱਲ ਹੋ ਰਹੀ ਹੈ ਅਤੇ ਦੋਸ਼ੀ ਆਗੂ ਦੇ ਖਿਲਾਫ ਕਾਨੂੰਨੀ ਕਾਰਵਾਈ ਦੀ ਵੀ ਰਣਨੀਤੀ ਬਣ ਰਹੀ ਹੈ। ਭਾਜਪਾ ਦੇ ਕੁੱਲੂ ਜ਼ਿਲ੍ਹਾ ਪ੍ਰਧਾਨ ਭੀਮ ਸੇਨ ਸ਼ਰਮਾ ਨੇ ਕਿਹਾ ਕਿ ਉਸ ਨੂੰ ਕਿਸੇ ਅਜਿਹੀ ਵੀਡੀਓ ਦੀ ਜਾਣਕਾਰੀ ਨਹੀਂ ਹੈ।

# 15000 ਕਰੋੜ ਦਾ ਵੇਵ ਗਰੁੱਪ ਚਾਚੇ-ਭਤੀਜੇ ਵਿੱਚ ਵੰਡੇਗਾ

ਨਵੀਂ ਦਿੱਲੀ, 25 ਜੁਲਾਈ (ਪੋਸਟ ਬਿਊਰੋ)- 15 ਹਜ਼ਾਰ ਕਰੋੜ ਰੁਪਏ ਦੇ ਵੇਵ ਗਰੁੱਪ ਦੀ ਮਰਹੂਮ ਪੋਂਟੀ ਚੱਢਾ ਦੇ ਬੇਟੇ ਮਨਪ੍ਰੀਤ ਸਿੰਘ ਚੱਢਾ ਤੇ ਉਸ ਦੇ ਛੋਟੇ ਭਰਾ ਰਾਜਿੰਦਰ (ਰਾਜੂ) ਚੱਢਾ ਵਿਚਾਲੇ ਵੰਡ ਹੋਵੇਗੀ।



ਜਾਣਕਾਰ ਸੂਤਰਾਂ ਨੇ ਦੱਸਿਆ ਹੈ ਕਿ ਵੇਵ ਗਰੁੱਪ ਵਿੱਚ ਵੰਡ ਦੀ ਯੋਜਨਾ ਏ ਜ਼ੈੱਡ ਬੀ ਐਂਡ ਐਸੋਸੀਏਟਸ ਦੀ ਲਾਅ ਫਰਮ ਸਲਾਹ ਦੇ ਨਾਲ ਕੀਤੀ ਗਈ ਹੈ। ਇਸ ਮੁਤਾਬਕ ਗਰੁੱਪ ਦਾ 64 ਫੀਸਦੀ ਹਿੱਸਾ ਮਨਪ੍ਰੀਤ ਸਿੰਘ ਚੱਢਾ ਨੂੰ ਮਿਲੇਗਾ। ਉਨ੍ਹਾਂ ਦੇ ਕੋਲ ਗਰੁੱਪ ਦੇ ਰਿਅਲ ਅਸਟੇਟ ਕਾਰੋਬਾਰ ਦਾ ਜ਼ਿੰਮਾ ਹੋਵੇਗਾ ਅਤੇ ਇਸ ਗਰੁੱਪ ਦੀ ਜ਼ਿਆਦ ਚੀਨੀ ਮਿੱਲਾਂ, ਮਾਲ ਅਤੇ ਬੇਵਰੇਜ ਪਲਾਂਟਸ ਮਿਲਣਗੇ। ਗਰੁੱਪ ਦਾ 36 ਫੀਸਦੀ ਬਿਜ਼ਨਸ ਰਾਜੂ ਚੱਢਾ ਨੂੰ ਮਿਲੇਗਾ। ਇਨ੍ਹਾਂ ਸੂਤਰਾਂ ਨੇ ਦੱਸਿਆ ਕਿ ਇਸ ਵਿੱਚ ਸ਼ਰਾਬ ਦਾ ਕਾਰੋਬਾਰ ਸ਼ਾਮਲ ਹੈ।

ਰਾਜੂ ਚੱਢਾ ਨੂੰ ਸ਼ਰਾਬ ਡਿਸਟ੍ਰੀਬਿਊਸ਼ਨ, ਡਿਸਟਿਲਰੀ ਤੇ ਬ੍ਰਵਰੀਜ਼ ਬਿਜ਼ਨਸ ਮਿਲੇਗਾ। ਉਨ੍ਹਾਂ ਨੂੰ ਨੋਇਡਾ ਸੈਕਟਰ 18 ਸਥਿਤ 41 ਮੰਜ਼ਿਲਾ ਇਮਾਰਤ ਵੇਵ ਵਨ ਵੀ ਮਿਲੇਗੀ, ਜਿਸ ਵਿੱਚ ਵੀਹ ਲੱਖ ਵਰਗ ਫੁੱਟ ਦਾ ਬਿਲਟ-ਅਪ ਏਰੀਆ ਹੈ। ਇਸ ਬਾਰੇ ਵੇਵ ਗਰੁੱਪ ਦੇ ਬੁਲਾਰੇ ਨੇ ਕੁਝ ਦੱਸ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਇਹ ਪਰਵਾਰ ਦਾ ਅੰਦਰੂਨੀ ਮਾਮਲਾ ਹੈ। ਰਾਜੂ ਚੱਢਾ ਦੇ ਬੁਲਾਰੇ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਵੰਡ ਬਾਰੇ ਕੋਈ ਵਿਵਾਦ ਨਹੀਂ ਹੋਇਆ, ਦੋਸਤਾਨਾ ਮਾਹੌਲ ਵਿੱਚ ਇਸ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਦੋਵੇਂ ਧਿਰਾਂ ਇਸ ਲਈ ਸਮਝੌਤੇ 'ਤੇ ਦਸਖ਼ਤ ਕਰ ਚੁੱਕੀਆਂ ਹਨ। 1963 ਵਿੱਚ ਸ਼ਰਾਬ ਸਪਲਾਈ ਕੰਪਨੀ ਵਜੋਂ ਕੁਲਵੰਤ ਸਿੰਘ ਚੱਢਾ ਨੇ ਕਾਰੋਬਾਰ ਸ਼ੁਰੂ ਕੀਤਾ ਸੀ। ਪੋਂਟੀ ਚੱਢਾ ਦੇ ਦੌਰ ਵਿੱਚ ਵੇਵ ਗਰੁੱਪ ਦਾ ਬਿਜ਼ਨਸ ਅਲੱਗ ਅਲੱਗ ਖੇਤਰਾਂ ਵਿੱਚ ਫੈਲਿਆ। ਇਨ੍ਹਾਂ ਵਿੱਚ ਸਭ ਤੋਂ ਵੱਡਾ ਕਾਰੋਬਾਰ ਰੀਅਲ ਅਸਟੇਟ ਹੈ। ਸੂਤਰਾਂ ਨੇ ਦੱਸਿਆ ਕਿ ਜ਼ਮੀਨ ਸਮੇਤ ਰੀਅਲ ਅਸਟੇਟ ਬਿਜ਼ਨਸ ਦੀ ਕੁੱਲ ਵੈਲਿਊ 9000 ਕਰੋੜ ਰੁਪਏ ਹੈ। ਗਰੁੱਪ ਦੇ ਕੋਲ ਉੱਤਰ ਪ੍ਰਦੇਸ਼ ਵਿੱਚ ਸੱਤ ਕੰਡ ਮਿੱਲਾਂ ਹਨ। ਪੰਜਾਬ ਦੇ ਅੰਮ੍ਰਿਤਸਰ ਵਿੱਚ ਗਰੁੱਪ ਦਾ ਬੇਵਰੇਜ ਪਲਾਂਟ ਹੈ, ਜੋ ਕੋਕਾ ਕੋਲਾ ਇੰਡੀਆ ਦੀਆਂ ਨੌਂ ਫ੍ਰੈਂਚਾਈਜ਼ੀ ਵਿੱਚੋਂ ਇੱਕ ਹੈ। ਲੁਧਿਆਣਾ ਅਤੇ ਜੰਮੂ ਨੂੰ ਛੱਡ ਕੇ ਸਾਰੇ ਮਾਲ ਮਨਪ੍ਰੀਤ ਨੂੰ ਮਿਲਣਗੇ। ਰਾਜੂ ਨੂੰ ਪੰਜਾਬ ਵਿੱਚ ਇੱਕ ਖੰਡ ਮਿੱਲ ਤੇ ਪੇਪਰ ਮਿੱਲਾਂ ਮਿਲਣਗੀਆਂ। ਸੂਬੇ ਵਿੱਚ ਏ ਬੀ ਸ਼ੂਗਰ ਲਿਮਟਿਡ ਦੇ ਨਾਂਅ ਤੋਂ ਉਸ ਦੀ ਇੱਕ ਡਿਸਟਿਲਰੀ ਯੂਨਿਟ ਹੈ। ਉਤਰ ਪ੍ਰਦੇਸ਼ ਵਿੱਚ ਅਲੀਗੜ੍ਹ ਵਿੱਚ ਵੀ ਕੰਪਨੀ ਦਾ ਇੱਕ ਡਿਸਟਿਲਰੀ ਅਤੇ ਬਰੂਵਰੀ ਪਲਾਂਟ ਹੈ, ਜਿਸ ਨੂੰ ਵੇਵ ਡਿਸਟਿਲਰੀਜ਼ ਐਂਡ ਬ੍ਰਵਰੀਜ ਆਪਰੇਟ ਕਰਦੀ ਹੈ।

## ਲੋਕਾਂ ਨੂੰ ਪਰੇਸ਼ਾਨ ਕਰਨ ਵਾਲੇ 58 ਪੁਰਾਣੇ ਕਾਨੂੰਨ ਖਤਮ ਹੋਣਗੇ

ਨਵੀਂ ਦਿੱਲੀ, 25 ਜੁਲਾਈ (ਪੋਸਟ ਬਿਊਰੋ)- ਲੋਕਾਂ ਨੂੰ ਪਰੇਸ਼ਾਨ ਕਰਨ ਵਾਲੇ 58 ਹੋਰ ਪੁਰਾਣੇ ਕਾਨੂੰਨ ਸਰਕਾਰ ਖ਼ਤਮ ਕਰਨ ਲੱਗੀ ਹੈ। ਲੋਕ ਸਭਾ ਵਿਚ ਵੀਰਵਾਰ ਨੂੰ ਇਨ੍ਹਾਂ ਕਾਨੂੰਨਾਂ ਨੂੰ ਖ਼ਤਮ ਕਰਨ ਦਾ ਬਿੱਲ ਪੇਸ਼ ਹੋਇਆ ਹੈ। ਇਸ ਸੰਬੰਧ ਵਿੱਚ ਬਿੱਲ ਪੇਸ਼ ਕਰਦੇ ਹੋਏ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਕਿਹਾ ਕਿ ਇਹ ਕਾਨੂੰਨ ਲੋਕਾਂ ਦੀ ਪਰੇਸ਼ਾਨੀ ਦਾ ਕਾਰਨ ਬਣਦੇ ਹਨ। ਵਿਰੋਧੀ ਧਿਰ ਦੇ ਮੈਂਬਰਾਂ ਨੇ ਸਰਕਾਰ ਉੱਤੇ ਕਾਹਲੀ ਕਰਨ ਦਾ ਦੋਸ਼ ਲਾਇਆ ਤੇ ਕਿਹਾ ਕਿ ਸਰਕਾਰ ਪਾਰਲੀਮੈਂਟ ਮੈਂਬਰਾਂ ਨੂੰ ਕਿਸੇ ਵਿਸ਼ੇ ਉੱਤੇ ਚਰਚਾ ਲਈ ਲੋੜੀਂਦਾ ਸਮਾਂ ਦਿੱਤੇ ਬਿਨਾਂ ਬਿੱਲ ਪੇਸ਼ ਕਰ ਰਹੀ ਹੈ। ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਕਿਹਾ ਕਿ ਮੋਦੀ ਸਰਕਾਰ 1,458 ਪੁਰਾਣੇ ਕਾਨੂੰਨ ਪ੍ਰਭਾਵਹੀਣ ਕਰ ਚੁੱਕੀ ਹੈ। ਉਸੇ ਕੋਸ਼ਿਸ਼ ਹੇਠ 58 ਹੋਰ ਕਾਨੂੰਨ ਖ਼ਤਮ ਕਰਨ ਲੱਗੀ ਹੈ। ਉਨ੍ਹਾਂ ਵਿਰੋਧੀ ਧਿਰ ਦੇ ਇਸ ਦਾਅਵੇ ਨੂੰ ਰੱਦ ਕੀਤਾ ਕਿ ਮੈਂਬਰਾਂ ਨੂੰ ਬਿੱਲ ਦਾ ਅਧਿਐਨ ਕਰਨ ਲਈ ਲੋੜੀਂਦਾ ਸਮਾਂ ਨਹੀਂ ਦਿੱਤਾ ਜਾ ਰਿਹਾ। ਕਾਨੂੰਨ ਮੰਤਰੀ ਨੇ ਕਿਹਾ ਕਿ ਦੋ ਦਿਨਾਂ ਦਾ ਨੋਟਿਸ ਦਿੱਤਾ ਗਿਆ ਸੀ। ਮੈਂਬਰ ਇਸ ਉੱਤੇ ਚਰਚਾ ਕਰ ਸਕਦੇ ਹਨ, ਕਿਉਂਕਿ ਇਹ ਹਾਲੇ ਪੇਸ਼ ਕੀਤਾ ਗਿਆ ਹੈ। ਕੇਂਦਰੀ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਕਿਹਾ ਕਿ ਕੰਮ-ਕਾਰ ਸਲਾਹਕਾਰ ਕਮੇਟੀ ਵਿਚ ਬਿਲ ਉਤੇ ਲੋੜੀਂਦੇ ਹੱਦ ਤੱਕ ਚਰਚਾ ਕੀਤੀ ਜਾ ਚੁੱਕੀ ਹੈ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY




actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8
Avtar Singh Tiwana
Sales Rep.



FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੂਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ। ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।



FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

# ਡੋਕਲਾਮ ਵਿਵਾਦ ਖਤਮ ਕਰਨ ਲਈ ਵਧੀਆ ਮਾਹੌਲ ਬਣਿਆ



ਬੀਜਿੰਗ, 25 ਜੁਲਾਈ (ਪੋਸਟ ਬਿਊਰੋ)- ਚੀਨ ਦੀ ਫੌਜ ਭਾਰਤ ਨਾਲ ਲੱਗਦੀ ਆਪਣੀ ਸਰਹੱਦ ਦੀ ਸੁਰੱਖਿਆ ਅਤੇ ਸਥਿਰਤਾ ਵਧਾਉਣ ਦੀ ਲਗਾਤਾਰ ਕੋਸ਼ਿਸ਼ ਕਰ ਰਹੀ ਹੈ। ਸਾਲ 2017 ਵਿੱਚ ਡੋਕਲਾਮ ਵਿੱਚ ਭਾਰਤ ਨਾਲ ਬਣੇ ਵਿਵਾਦ ਨੂੰ ਦੂਰ ਕਰਨ ਲਈ ਵੀ ਉਸ ਨੇ ਸੁਖਾਵਾਂ ਵਾਤਾਵਰਨ ਬਣਾਇਆ ਸੀ। ਚੀਨੀ ਫੌਜ ਨੇ ਇਹ ਗੱਲ ਚਾਈਨੀਜ਼ ਡਿਫੈਂਸ ਇਨ ਨਿਊ ਇਰਾ (ਨਵੇਂ ਯੁੱਗ ਵਿੱਚ ਚੀਨ ਦੀ ਸੁਰੱਖਿਆ) ਸਿਰਲੇਖ ਵਾਲੇ ਵ੍ਹਾਈਟ ਪੇਪਰ ਵਿੱਚ ਕਹੀ ਹੈ।

ਇਸ ਵ੍ਹਾਈਟ ਪੇਪਰ ਵਿੱਚ ਭਾਰਤ, ਅਮਰੀਕਾ, ਰੂਸ ਤੇ ਹੋਰ ਦੇਸ਼ਾਂ ਦੇ ਫੌਜੀ ਵਿਸਥਾਰ ਨਾਲ ਮੁਕਾਬਲੇ ਦੀ ਸਥਿਤੀ ਪੇਸ਼ ਕੀਤੀ ਗਈ ਹੈ। ਭਾਰਤ ਚੀਨ ਸਰਹੱਦ ਦੇ ਬਾਰੇ ਵ੍ਹਾਈਟ ਪੇਪਰ ਵਿੱਚ ਕਿਹਾ ਗਿਆ ਹੈ ਕਿ ਉਥੋਂ ਦੀ ਸੁਰੱਖਿਆ ਅਤੇ ਸਥਿਰਤਾ ਨੂੰ ਬੜ੍ਹਾਵਾ ਦੇਣ ਲਈ ਚੀਨੀ ਫੌਜ ਲਗਾਤਾਰ ਕੋਸ਼ਿਸ਼ਾਂ ਕਰ ਰਹੀ ਹੈ। ਉਸ ਨੇ ਡੋਕਲਾਮ ਵਿਵਾਦ ਨੂੰ ਵੀ ਖਤਮ ਕਰਨ ਲਈ ਸੁਖਾਵਾਂ ਮਾਹੌਲ ਬਣਾਇਆ ਸੀ। ਡੋਕਲਾਮ ਵਿੱਚ ਭੂਟਾਨ ਦੇ ਖੇਤਰ ਵਿੱਚ ਚੀਨ ਦੇ ਸੜਕ ਬਣਾਉਣ ਦੇ ਵਿਰੋਧ ਵਿੱਚ ਭਾਰਤ ਨੇ ਇਲਾਕੇ ਵਿੱਚ ਆਪਣੀ ਫੌਜ ਤਾਇਨਾਤ ਕਰ ਦਿੱਤੀ ਸੀ। ਦੋਵਾਂ ਦੇਸ਼ਾਂ ਦੇ ਫੌਜੀਆਂ ਵਿਚਾਲੇ ਤਣਾਅ ਵਧ ਗਿਆ ਸੀ। ਦੋਵੇਂ ਦੇਸ਼ਾਂ ਦੇ ਫੌਜੀ ਮਸਾਂ 100 ਮੀਟਰ ਦੂਰੀ 'ਤੇ ਕਰੀਬ ਢਾਈ ਮਹੀਨੇ ਤੱਕ ਜੰਮੇ ਰਹੇ ਸਨ। ਇਸ ਸੜਕ ਦੇ ਬਣਨ ਨਾਲ ਉਤਰੀ ਪੂਰਬੀ ਰਾਜਾਂ ਨੂੰ ਜੋੜਨ ਵਾਲੀ ਤੰਗ ਜਿਹੀ ਭਾਰਤੀ ਸੜਕ ਦੀ ਸੁਰੱਖਿਆ ਖਤਰੇ ਵਿੱਚ ਪੈਣ ਦਾ ਡਰ ਸੀ। ਇਸ ਰੇੜਕੇ ਕਾਰਨ ਦੋਵਾਂ ਦੇਸ਼ਾਂ ਵਿਚਾਲੇ ਜੰਗ ਦੇ ਹਾਲਾਤ ਬਣ ਗਏ ਸਨ। ਚੀਨ ਨੇ ਇਲਾਕੇ ਵਿੱਚ ਸੜਕ ਨਿਰਮਾਣ ਨਾ ਕਰਨ ਦਾ ਵਚਨ ਦਿੱਤਾ, ਇਸ ਤੋਂ ਬਾਅਦ ਭਾਰਤੀ ਫੌਜ ਮੌਕੇ ਤੋਂ ਹਟੀ। ਇਸ ਤੋਂ ਬਾਅਦ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਸਬੰਧਾਂ ਨੂੰ ਜ਼ਿਆਦਾ ਭਰੋਸੇਯੋਗ ਬਣਾਉਣ ਦਾ ਫੈਸਲਾ ਕੀਤਾ।

ਇਤਿਹਾਸ ਵਿੱਚ ਪਹਿਲੀ ਵਾਰ ਭਾਰਤ ਤੇ ਚੀਨ ਦੀ ਗੈਰ ਰਸਮੀ ਸਿਖਰ ਗੱਲਬਾਤ ਹੋਈ ਹੈ। ਸਾਲ 2018 ਵਿੱਚ ਵੂਹਾਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਸ਼ਟਰਪਤੀ ਸ਼ੀ ਜਿਨਪਿੰਗ ਮਿਲੇ, ਦੋਵਾਂ ਨੇਤਾਵਾਂ ਨੇ ਆਪਸੀ ਸੰਬੰਧਾਂ ਦੇ ਸੁਧਾਰ ਦੀ ਨਵੀਂ ਰੂਪਰੇਖਾ ਤਿਆਰ ਕੀਤੀ। ਗੈਰ ਰਸਮੀ ਮੁਲਾਕਾਤ ਦੇ ਸਿਲਸਿਲੇ ਨੂੰ ਅੱਗੇ ਵਧਾਉਣ ਲਈ ਰਾਸ਼ਟਰਪਤੀ ਜਿਨਪਿੰਗ ਇਸ ਸਾਲ ਦੇ ਅੰਤ ਵਿੱਚ ਭਾਰਤ ਆਉਣਗੇ। ਭਾਰਤ ਤੇ ਚੀਨ ਦੀ ਸਰਹੱਦ 3488 ਕਿਲੋਮੀਟਰ ਲੰਬੀ ਹੈ ਅਤੇ ਕਈ ਸਥਾਨਾਂ 'ਤੇ ਦੋਵਾਂ ਦੇਸ਼ਾਂ ਵਿਚਾਲੇ ਵਿਵਾਦ ਹੈ। ਇਸ ਵਿਵਾਦ ਨੂੰ ਸ਼ਾਂਤੀਪੂਰਨ ਢੰਗ ਨਾਲ ਖਤਮ ਕਰਨ ਲਈ ਦੋਵੇਂ ਦੇਸ਼ 21 ਵਾਰ ਗੱਲ ਕਰ ਚੁੱਕੇ ਹਨ। ਵ੍ਹਾਈਟ ਪੇਪਰ ਵਿੱਚ ਕਿਹਾ ਗਿਆ ਹੈ ਕਿ ਵਿਸ਼ਵ ਪੱਧਰ 'ਤੇ ਫੌਜੀ ਮੁਕਾਬਲੇਬਾਜ਼ੀ ਵਧੀ ਹੈ। ਅਜਿਹੇ ਵਿੱਚ ਨਵੀਆਂ ਚੁਣੌਤੀਆਂ ਦੇ ਹਿਸਾਬ ਨਾਲ ਫੌਜ ਦੇ ਚਹੁੰਮੁਖੀ ਵਿਕਾਸ ਦੀ ਲੋੜ ਹੈ।

## ਤਨਖਾਹ ਵਿਵਾਦ:

# ਬ੍ਰਿਟਿਸ਼ ਏਅਰਵੇਜ਼ ਆਪਣੇ ਪਾਇਲਟਾਂ ਦੀ ਹੜਤਾਲ ਨੂੰ ਅਦਾਲਤ ਲੈ ਗਈ

ਲੰਡਨ, 25 ਜੁਲਾਈ (ਪੋਸਟ ਬਿਊਰੋ)- ਬ੍ਰਿਟਿਸ਼ ਏਅਰਵੇਜ਼ ਨੇ ਅਦਾਲਤ ਨੂੰ ਕਿਹਾ ਹੈ ਕਿ ਉਹ ਤਨਖਾਹ ਦੇ ਵਿਵਾਦ 'ਤੇ ਏਅਰਵੇਜ਼ ਦੇ ਪਾਇਲਟਾਂ ਵੱਲੋਂ ਉਦਯੋਗਿਕ ਹੜਤਾਲ ਵਰਗੀ ਕਾਰਵਾਈ ਕਰਨ ਤੋਂ ਰੋਕ ਦਾ ਆਦੇਸ਼ ਦੇਵੇ।

ਵਰਨਣ ਯੋਗ ਹੈ ਕਿ ਬ੍ਰਿਟਿਸ਼ ਏਅਰਵੇਜ਼ ਪਾਇਲਟ ਐਸੋਸੀਏਸ਼ਨ ਦੇ ਮੈਂਬਰਾਂ ਨੇ 9-1 ਨਾਲ ਕਾਰਵਾਈ ਮੁਹਿੰਮ ਨੂੰ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ, ਜਿਸ ਨਾਲ ਗਰਮੀਆਂ 'ਚ ਉਡਾਣਾਂ ਵਿੱਚ ਹਾਹਾਕਾਰ ਮਚ ਜਾਵੇਗੀ। ਐਸੋਸੀਏਸ਼ਨ ਦੇ ਜਨਰਲ ਸਕੱਤਰ ਬ੍ਰੇਨ ਸਟਰਟਨ ਨੇ ਕਿਹਾ ਕਿ ਇਹ ਬ੍ਰਿਟਿਸ਼ ਏਅਰਵੇਜ਼ ਦੇ ਪਾਇਲਟਾਂ ਵੱਲੋਂ ਪ੍ਰਦਰਸ਼ਨ ਦਾ ਨਤੀਜਾ ਹੈ, ਜਿਸ ਤੋਂ ਸਪੱਸ਼ਟ ਹੈ ਕਿ ਬ੍ਰਿਟਿਸ਼ ਏਅਰਵੇਜ਼ ਜੇ ਹੜਤਾਲ ਨੂੰ ਟਾਲਣਾ ਚਾਹੁੰਦੀ ਹੈ ਤਾਂ ਉਸ ਨੂੰ ਬੈਠਕ ਕਰ ਕੇ ਪਾਇਲਟਾਂ ਦੀਆਂ ਮੰਗਾਂ ਦਾ ਉਚਿਤ ਹੱਲ ਕੱਢਣਾ ਹੋਵੇਗਾ। ਦੁੱਖ ਦੀ ਗੱਲ ਹੈ ਕਿ ਤਿੰਨ ਦਿਨਾਂ ਗੱਲਬਾਤ ਦਾ ਕੰਪਨੀ 'ਤੇ ਅਸਰ ਨਹੀਂ ਹੋਇਆ ਅਤੇ ਇਸ ਦਾ ਹੱਲ




ਬ੍ਰਿਟਿਸ਼ ਏਅਰਵੇਜ਼ ਦੇ ਹੱਥਾਂ ਵਿੱਚ ਹੈ। ਉਨ੍ਹਾਂ ਕਿਹਾ ਕਿ ਸਾਡੀ ਇਹ ਇੱਛਾ ਨਹੀਂ ਕਿ ਸਾਡੇ ਗਾਹਕਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਹੋਵੇ। ਅਸੀਂ ਪਿਛਲੇ ਸਾਲ ਨਵੰਬਰ ਤੋਂ ਗੱਲਬਾਤ ਰਾਹੀਂ ਇਸ ਕੇਸ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਬ੍ਰਿਟਿਸ਼ ਏਅਰਵੇਜ਼ ਹੀ ਹੈ, ਜੋ ਇਸ ਮਾਮਲੇ ਨੂੰ ਇੰਨਾ ਲੰਮਾ ਖਿੱਚ ਰਹੀ ਹੈ।

ਬ੍ਰਿਟਿਸ਼ ਏਅਰਵੇਜ਼ ਨੇ ਕਿਹਾ ਕਿ ਉਸ ਨੇ ਬੀਤੇ ਤਿੰਨ ਸਾਲਾਂ ਤੋਂ ਪਾਇਲਟਾਂ ਨੂੰ 11.5 ਫੀਸਦੀ ਦੀ ਪੇਸ਼ਕਸ਼ ਕੀਤੀ ਹੈ। ਅਸੀਂ ਇਸ ਗੱਲ ਤੋਂ ਨਿਰਾਸ਼ ਹਾਂ ਕਿ ਸੰਭਾਵਿਕ ਹੜਤਾਲ ਦੀ ਕਾਰਵਾਈ ਨਾਲ ਐਸੋਸੀਏਸ਼ਨ ਨੇ ਸਾਡੇ ਹਜ਼ਾਰਾਂ ਗਾਹਕਾਂ ਲਈ ਗਰਮੀਆਂ ਦੀਆਂ ਛੁੱਟੀਆਂ 'ਚ ਪੇਸ਼ ਕੀਤੀਆਂ ਜਾਣ ਵਾਲੀਆਂ ਯਾਤਰਾ ਯੋਜਨਾਵਾਂ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਇਸ ਸਮਝੌਤੇ ਲਈ ਐਸੋਸੀਏਸ਼ਨ ਨਾਲ ਖੁੱਲ੍ਹੇ ਮਨ ਨਾਲ ਗੱਲ ਕਰ ਰਹੇ ਹਾਂ। ਦਸੰਬਰ ਤੋਂ ਸਮਝੌਤੇ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੌਰਾਨ ਨੱਬੇ ਤੋਂ ਵੱਧ ਫਾਇਰ ਫਾਈਟਿੰਗ ਸਟਾਫ ਨੇ ਹੀਥਰੋ 'ਚ ਤਨਖਾਹ ਵਿਵਾਦ 'ਤੇ ਹੜਤਾਲ ਦੀ ਧਮਕੀ ਦੇ ਰੱਖੀ ਹੈ। ਅਗਸਤ 'ਚ ਹੜਤਾਲ ਦੀ ਯੋਜਨਾ ਵਿੱਚ ਹੀਥਰੋ ਏਅਰਪੋਰਟ 'ਤੇ 4000 ਸਟਾਫ ਨਾਲ ਮਿਲ ਕੇ ਕੰਮ ਕਰਨਗੇ।

# ਮਲੇਸ਼ੀਆ ਦੇ ਸਾਬਕਾ ਰਾਜਾ ਸੁਲਤਾਨ ਮੁਹੰਮਦ ਨੇ 'ਮਿਸ ਰੂਸ' ਨੂੰ ਤਲਾਕ ਦਿੱਤਾ

ਕੁਆਲਾਲੰਪੁਰ, 25 ਜੁਲਾਈ (ਪੋਸਟ ਬਿਊਰੋ)- ਮਲੇਸ਼ੀਆ ਦੇ ਸਾਬਕਾ ਰਾਜਾ ਨੇ ਆਪਣੀ ਪਤਨੀ ਤੇ ਸਾਬਕਾ ਮਿਸ ਰੂਸ ਨੂੰ ਤਲਾਕ ਦੇ ਦਿੱਤਾ ਹੈ। ਕੁਝ ਮਹੀਨੇ ਪਹਿਲਾਂ ਦੋਵਾਂ ਦੇ ਵਿਆਹ ਦੀ ਖਬਰ ਆਈ ਸੀ। ਮਿਸ ਰੂਸ ਦਾ ਕਹਿਣਾ ਹੈ ਕਿ ਉਹ ਹਾਲੇ ਵੀ ਸੁਲਤਾਨ ਨਾਲ ਵਿਆਹ ਦੇ ਬੰਧਨ ਵਿਚ ਬੱਝੀ ਹੋਈ ਹੈ ਤੇ ਸੋਸ਼ਲ ਮੀਡੀਆ ਉੱਤੇ ਰਾਜਾ ਨਾਲ ਆਪਣੀਆਂ ਫੋਟੋ ਲਗਾਤਾਰ ਪੋਸਟ ਕਰਦੀ ਹੈ। ਮਲੇਸ਼ੀਆ ਦੇ ਸੁਲਤਾਨ ਵਜੋਂ ਮੁਹੰਮਦ ਵੀ ਸਿਰਫ ਦੋ ਸਾਲ ਪਿੱਛੋਂ ਸਿੰਘਾਸਨ ਛੱਡ ਗਏ ਸਨ। ਸਾਬਕਾ ਰਾਜਾ ਦੇ ਵਕੀਲ ਨੇ ਕਿਹਾ ਕਿ ਦੇਸ਼ ਵਿਚ ਪਹਿਲੀ ਵਾਰ ਕਿਸੇ ਨੇ ਰਾਜ ਛੱਡਿਆ ਹੈ।

ਪਿਛਲੇ ਸਾਲ ਜਦੋਂ ਉਨ੍ਹਾਂ ਦੋਵਾਂ ਦੇ ਵਿਆਹ ਦੀਆਂ ਤਸਵੀਰਾਂ ਸਾਹਮਣੇ ਆਈਆਂ ਤਾਂ ਉਹ ਅਧਿਕਾਰਕ ਤੌਰ ਉੱਤੇ ਮੈਡੀਕਲ ਛੁੱਟੀ ਉੱਤੇ ਸਨ। ਮੁਸਲਿਮ ਬਹੁ-ਗਿਣਤੀ ਦੇਸ਼ ਦੇ ਇਤਿਹਾਸ ਵਿਚ ਉਹ ਪਹਿਲੇ ਅਜਿਹੇ ਸੁਲਤਾਨ ਹਨ, ਜਿਨ੍ਹਾਂ ਨੇ ਅਹੁਦਾ ਛੱਡਿਆ ਹੈ। ਸੁਲਤਾਨ ਦੇ ਸਿੰਗਾਪੁਰ ਵਾਲੇ ਵਕੀਲ ਕੋਹ ਤਿਏਨ ਹੁਆ ਨੇ ਇਕ ਬਿਆਨ ਵਿਚ ਕਿਹਾ, 'ਸੁਲਤਾਨ ਨੇ 22 ਜੂਨ 2019 ਨੂੰ ਰਿਹਾਨਾ ਓਕਸਾਨਾ ਗੋਬੇਰਕੋ ਨੂੰ ਸ਼ਰੀਆ ਕਾਨੂੰਨ ਹੇਠ ਤਿੰਨ ਤਲਾਕ ਦੇ ਦਿੱਤਾ।' ਵਕੀਲ ਨੇ ਕਿਹਾ ਕਿ ਉੱਤਰੀ-ਪੂਰਬੀ ਮਲੇਸ਼ੀਆਈ ਰਾਜ ਕੇਲੰਤਾਨ ਦੀ ਇਕ ਇਸਲਮੀ ਅਦਾਲਤ, ਜਿੱਥੇ ਮੁਹੰਮਦ ਹਾਲੇ ਵੀ ਸੁਲਤਾਨ ਹਨ, ਨੇ ਇਸ ਹਫਤੇ ਦੇ ਸ਼ੁਰੂ ਵਿਚ ਤਲਾਕ ਦਾ ਸਰਟੀਫਿਕੇਟ ਦੇ ਕੀਤਾ ਹੈ। ਪੂਰਬੀ ਰੂਸੀ ਸੁੰਦਰੀ ਨੇ ਵੱਖ ਹੋਣ ਦੀ ਜਾਣਕਾਰੀ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਨੇ ਕਿਹਾ, 'ਮੈਂ ਸਿੱਧੇ ਤੌਰ ਉੱਤੇ ਆਪਣੇ ਲਈ ਕਿਸੇ ਤਲਾਕ ਦੇ ਬਿਆਨ ਨੂੰ ਨਹੀਂ ਸੁਣਿਆ।' ਉਹ ਇੰਸਟਾਗ੍ਰਾਮ ਉੱਤੇ ਲਗਾਤਾਰ ਸੁਲਤਾਨ ਨਾਲ ਆਪਣੀ ਤੇ ਬੇਟੇ ਦੀ ਤਸਵੀਰ ਪੋਸਟ ਕਰ ਰਹੀ ਹੈ। ਰਿਹਾਨਾ ਨੇ ਮਈ ਵਿਚ ਬੇਟੇ ਨੂੰ ਜਨਮ ਦਿੱਤਾ ਸੀ। ਸੁਲਤਾਨ ਦੇ ਵਕੀਲ ਕੋਹ ਨੇ ਕਿਹਾ ਕਿ ਬੱਚੇ ਦੇ ਜੈਵਿਕ ਪਿਤਾ ਦੇ ਰੂਪ ਵਿੱਚ ਹਾਲੇ ਤੱਕ ਕੋਈ ਪੱਕਾ ਸਬੂਤ ਨਹੀਂ ਮਿ-ਲਆ। ਮੁਹੰਮਦ ਦੇ ਗੱਦੀ ਤੋਂ ਹਟਣ ਦੇ ਬਾਅਦ ਸੁਲਤਾਨ ਅਬਦੁੱਲਾ ਸੁਲਤਾਨ ਅਹਿਮਦ ਸ਼ਾਹ ਨੂੰ ਮਲੇਸ਼ੀਆ ਦਾ ਨਵਾਂ ਰਾਜਾ ਬਣਾਇਆ ਗਿਆ ਹੈ।

# ਬੰਗਲਾ ਦੇਸ਼ ਬਾਰੇ ਸੋਸ਼ਲ ਮੀਡੀਆ ਵਿੱਚ ਅਫਵਾਹ ਕਾਰਨ ਭੀੜ ਨੇ 8 ਲੋਕ ਕੁੱਟ-ਕੁੱਟ ਕੇ ਮਾਰੇ

ਢਾਕਾ, 25 ਜੁਲਾਈ (ਪੋਸਟ ਬਿਊਰੋ)- ਬੰਗਲਾ ਦੇਸ਼ ਵਿੱਚ ਇੱਕ ਪੁਲ ਬਣਾਉਣ ਲਈ ਬੱਚਿਆਂ ਨੂੰ ਅਗਵਾ ਕਰ ਕੇ ਬਲੀ ਦੇਣ ਦੀ ਸੋਸ਼ਲ ਮੀਡੀਆ ਉੱਤੇ ਫੈਲੀ ਅਫਵਾਹ ਪਿੱਛੋਂ ਭੀੜ ਨੇ ਅੱਠ ਲੋਕਾਂ ਦੀ ਕੁੱਟ-ਕੁੱਟ ਮਾਰ ਦਿੱਤਾ ਹੈ।

ਪੁਲਸ ਮੁਖੀ ਜਾਵੇਦ ਪਟਵਾਰੀ ਨੇ ਕਿਹਾ ਕਿ ਮ੍ਰਿਤਕਾਂ ਵਿੱਚ ਦੋ ਔਰਤਾਂ ਵੀ ਸ਼ਾਮਲ ਹਨ। ਉਨ੍ਹਾਂ ਨੂੰ ਮੁੱਖ ਤੌਰ ਉਤੇ ਫੇਸਬੁਕ ਉਤੇ ਫੈਲੀ ਇਸ ਅਫਵਾਹ ਤੋਂ ਬਾਅਦ ਗੁੱਸੇ ਨਾਲ ਭਰੀ ਭੀੜ ਨੇ ਨਿਸ਼ਾਨਾ ਬਣਾਇਆ ਕਿ ਤਿੰਨ ਅਰਬ ਡਾਲਰ ਦੇ ਵੱਡੇ ਪ੍ਰੋਜੈਕਟ ਲਈ ਮਨੁੱਖੀ ਸਿਰਾਂ ਦੀ ਲੋੜ ਹੈ। ਪਟਵਾਰੀ ਨੇ ਢਾਕਾ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਅਸੀਂ ਇਨ੍ਹਾਂ ਅੱਠ ਮੌਤਾਂ ਦੇ ਹਰ ਕੇਸ ਦੀ ਜਾਂਚ ਕਰ ਰਹੇ ਹਾਂ। ਭੀੜ ਨੇ ਜਿਨ੍ਹਾਂ ਲੋਕਾਂ ਦੀ ਹੱਤਿਆ ਕੀਤੀ, ਉਨ੍ਹਾਂ ਵਿੱਚੋਂ ਕੋਈ ਵੀ ਬੱਚਿਆਂ ਦਾ ਅਗਵਾ ਕਰਤਾ ਨਹੀਂ ਸੀ। ਅਫਵਾਹ ਕਾਰਨ ਜੁੜੇ 30 ਹੋਰ ਲੋਕਾਂ ਉਤੇ ਵੀ ਹਮਲਾ ਕੀਤਾ ਗਿਆ ਹੈ। ਜਾਵੇਦ ਪਟਵਾਰੀ ਨੇ ਕਿਹਾ ਕਿ ਦੇਸ਼ ਦੇ ਸਾਰੇ ਪੁਲਸ ਸਟੇਸ਼ਨਾਂ ਨੂੰ ਅਫਵਾਹਾਂ ਨਾਲ ਨਜਿੱਠਣ ਦਾ ਹੁਕਮ ਦਿੱਤਾ ਗਿਆ ਹੈ ਅਤੇ ਘੱਟੋ ਘੱਟ 25 ਯੂ-ਟਿਊਬ ਚੈਨਲ, 60 ਫੇਸਬੁਕ ਪੇਜ਼



ਅਤੇ 10 ਵੈੱਬਸਾਈਟਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਮ੍ਰਿਤਕਾਂ ਵਿੱਚ ਦੋ ਬੱਚਿਆਂ ਦੀ ਮਾਂ ਤਸਲੀਮਾ ਬੇਗਮ ਸ਼ਾਮਲ ਹੈ, ਜਿਸ ਨੂੰ ਬੱਚਿਆਂ ਨੂੰ ਅਗਵਾ ਕਰਨ ਵਾਲੀ ਮੰਨ ਕੇ ਭੀੜ ਨੇ ਸ਼ਨੀਵਾਰ ਨੂੰ ਢਾਕਾ ਸਕੂਲ ਦੇ ਸਾਹਮਣੇ ਕੁੱਟ ਕੁੱਟ ਕੇ ਮਾਰ ਦਿੱਤਾ। ਇੱਕ ਬੋਲੇ ਵਿਅਕਤੀ ਨੂੰ ਢਾਕਾ ਵਿੱਚ ਉਸ ਵੇਲੇ ਹੀ ਕੁੱਟਿਆ ਗਿਆ ਸੀ, ਜਦੋਂ ਉਹ ਆਪਣੀ ਧੀ ਨੂੰ ਮਿਲਣ ਜਾ ਰਿਹਾ ਸੀ। ਪੁਲਸ ਨੇ ਕਿਹਾ ਕਿ ਤਸਲੀਮਾ ਦੀ ਹੱਤਿਆ ਲਈ ਅੱਠ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਸੋਸ਼ਲ ਮੀਡੀਆ 'ਤੇ ਅਫਵਾਹਾਂ ਫੈਲਾਉਣ 'ਤੇ ਅਫਵਾਹਾਂ ਫੈਲਾਉਣ ਦੇ ਸੰਬੰਧ 'ਚ ਘੱਟੋ ਘੱਟ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਿਹੜੇ ਪੁਲ ਬਾਰੇ ਅਫਵਾਹਾ ਫੈਲਾਈ ਗਈ ਹੈ, ਉਸ ਦੀ ਉਸਾਰੀ ਗੰਗਾ ਨਦੀ ਦੀ ਇੱਕ ਪ੍ਰਮੁੱਖ ਸਹਾਇਕ ਨਦੀ ਪਦਮਾ 'ਤੇ ਕੀਤਾ ਜਾ ਰਿਹਾ ਹੈ।

## ਟੋਕੀਓ ਉਲੰਪਿਕ ਤਗਮੇ 62 ਲੱਖ ਫੋਨਾਂ ਤੋਂ ਬਣਾਏ ਗਏ

ਟੋਕੀਓ, 25 ਜੁਲਾਈ (ਪੋਸਟ ਬਿਊਰੋ)- ਟੋਕੀਓ ਉਲੰਪਿਕ ਤੋਂ ਇਕ ਸਾਲ ਪਹਿਲਾਂ ਖੇਡ ਦੀ ਪ੍ਰਬੰਧਕ ਕਮੇਟੀ ਨੇ ਇਸ ਉਲੰਪਿਕ ਦੇ ਤਗਮਿਆਂ ਦੇ ਡੀਜ਼ਾਈਨ ਦਾ ਖੁਲਾਸਾ ਕੀਤਾ ਹੈ। ਇਨ੍ਹਾਂ ਦੀ ਖਾਸ ਗੱਲ ਇਹ ਹੈ ਕਿ ਇਨ੍ਹਾਂ ਤਮਗਿਆਂ ਨੂੰ ਪੁਰਾਣੇ ਗੈਜੇਟਸ (ਮੋਬਾਈਲਾਂ, ਟੈਬਲੇਟਸ) ਤੋਂ ਕੱਢੀ ਗਈ ਧਾਤੂ ਤੋਂ ਬਣਾਇਆ ਗਿਆ ਹੈ। ਵਰਨਣ ਯੋਗ ਹੈ ਕਿ ਟੋਕੀਓ ਉਲੰਪਿਕ ਦੀ ਪ੍ਰਬੰਧਕ ਕਮੇਟੀ ਨੇ ਅਪ੍ਰੈਲ 2017 ਵਿੱਚ ਪੁਰਾਣੇ ਬਿਜਲੀ ਜੰਤਰ ਦੇਣ ਦੀ ਮੁਹਿੰਮ ਚਲਾਈ ਸੀ। ਇਸ ਮੁਹਿੰਮ ਵਿੱਚ ਕਮੇਟੀ ਨੂੰ 78,895 ਟਨ ਪੁਰਾਣੇ ਬਿਜਲੀ ਜੰਤਰ ਮਿਲੇ, ਜਿਸ ਵਿੱਚ 62.1 ਲੱਖ ਮੋਬਾਈਲ ਫੋਨ ਵੀ ਸ਼ਾਮਲ ਸਨ। ਇਨ੍ਹਾਂ ਪੁਰਾਣੇ ਜੰਤਰਾਂ ਤੋਂ 32 ਕਿਲੋ ਸੋਨਾ, 3500 ਕਿਲੋ ਚਾਂਦੀ ਅਤੇ 2200 ਕਿਲੋ ਤਾਂਬਾ ਕੱਢਿਆ ਗਿਆ। ਇਸ ਤੋਂ ਬਾਅਦ ਇਨ੍ਹਾਂ ਧਾਤੂਆਂ ਦੀ ਵਰਤੋਂ ਟੋਕੀਓ ਉਲੰਪਿਕ ਦੇ ਤਗਮੇ ਬਣਾਉਣ ਲਈ ਕੀਤੀ ਗਈ।

# ਫੇਸਬੁਕ ਨੂੰ 39 ਹਜ਼ਾਰ ਕਰੋੜ ਰੁਪਏ ਜੁਰਮਾਨਾ ਪੈ ਗਿਆ

ਵਾਸ਼ਿੰਗਟਨ, 25 ਜੁਲਾਈ (ਪੋਸਟ ਬਿਊਰੋ)- ਯੂਜ਼ਰਜ਼ ਦੀ ਨਿੱਜਤਾ ਦੀ ਉਲੰਘਣਾ ਦੇ ਕੇਸ ਵਿੱਚ ਫੇਸਬੁਕ ਪੰਜ ਅਰਬ ਡਾਲਰ ਜੁਰਮਾਨਾ ਭਰਨ ਵਾਲੀ ਹੈ। ਅਮਰੀਕਾ ਦੀ ਰੈਗੂਲੇਟਰੀ ਫੈਡਰਲ ਟ੍ਰੇਡ ਕਮਿਸ਼ਨ (ਐੱਫ ਟੀ ਸੀ) ਨੇ ਬ੍ਰਿਟਿਸ਼ ਫਰਮ ਕੈਂਬਰਿਜ ਐਨਾਲਿਟਿਕਾ ਵੱਲੋਂ ਕੀਤੀ ਡਾਟਾ ਚੋਰੀ ਦੇ ਮਾਮਲੇ ਵਿੱਚ ਫੇਸਬੁਕ 'ਤੇ ਇਹ ਜੁਰਮਾਨਾ ਲਾਇਆ ਹੈ।

ਵਰਨਣ ਯੋਗ ਹੈ ਕਿ ਬ੍ਰਿਟੇਨ ਦੀ ਕੈਂਬਰਿਜ ਐਨਾਲਿਟਿਕਾ ਨੇ ਲੱਖਾਂ ਭਾਰਤੀ ਲੋਕਾਂ ਸਮੇਤ ਅੱਠ ਕਰੋੜ ਤੋਂ ਵੱਧ ਫੇਸਬੁਕ ਯੂਜਰਜ਼ ਦਾ ਡਾਟਾ ਇਕੱਠਾ ਕੀਤਾ ਸੀ। ਬਾਅਦ ਵਿੱਚ ਉਸ ਡਾਟਾ ਦੀ ਵਰਤੋਂ ਸਾਲ 2016 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਨੂੰ ਪ੍ਰਭਾਵਤ ਕਰਨ ਵਿੱਚ ਕੀਤੀ ਸੀ। ਐੱਫ ਟੀ ਸੀ ਨੇ ਇਸ ਮਹੀਨੇ ਸ਼ੁਰੂ ਵਿੱਚ ਫੇਸਬੁਕ 'ਤੇ ਜੁਰਮਾਨਾ ਲਾਇਆ ਸੀ, ਪਰ ਉਸ ਦਾ ਐਲਾਨ ਕੱਲ੍ਹ ਕੀਤਾ ਹੈ। ਇਹ ਫੈਸਲਾ ਏਜੰਸੀ ਵਿੱਚ ਦੋ ਦੇ ਮੁਕਾ-ਬਲੇ ਤਿੰਨ ਵੋਟ ਨਾਲ ਪਾਸ ਹੋਇਆ ਸੀ। ਜਿਹੜੇ ਦੋ ਮੈਂਬਰ ਫੈਸਲੇ ਦੇ ਖਿਲਾਫ ਸਨ, ਉਹ ਹੋਰ ਜ਼ਿਆਦਾ ਜੁਰਮਾਨਾ ਲਾਉਣ ਦੇ ਹੱਕ ਵਿੱਚ ਸਨ।

ਐੱਫ ਟੀ ਸੀ ਦੇ ਮੁਖੀ ਜੋ ਸਿਮੋਂਸ ਨੇ ਦੱਸਿਆ ਹੈ ਕਿ ਫੇਸਬੁਕ ਨੇ ਆਪਣੇ ਯੂਜ਼ਰਜ਼ ਨੂੰ ਵਾਰ-ਵਾਰ ਉਨ੍ਹਾਂ ਦੇ ਡਾਟਾ ਸੁਰੱਖਿਅਤ ਰੱਖਣ ਦਾ ਭਰੋਸਾ ਦਿਵ-ਾਇਆ ਸੀ, ਪ੍ਰੰਤੂ ਉਹ ਅਜਿਹਾ ਕਰਨ ਤੋਂ ਨਾਕਾਮ ਰਿਹਾ ਅਤੇ ਨਿੱਜਤਾ ਦੀ ਉਲੰਘਣਾ ਵਿੱਚ ਕਿਸੇ ਵੀ ਟੇਕ ਫਰਮ ਉੱਤੇ ਐੱਫ ਟੀ ਸੀ ਵੱਲੋਂ ਲਾਇਆ ਇਹ ਅੱਜ ਤੱਕ ਦਾ ਸਭ ਤੋਂ ਵੱਡਾ ਜੁਰਮਾਨਾ ਹੈ। ਕੈਂਬਰਿਜ ਐਨਾਲਿਟਿਕਾ ਦੇ ਇਲਾਵਾ ਫੇਸਬੁਕ ਨੂੰ ਯੂਜ਼ਰਜ਼ ਦੀ ਰਾਜ਼ਦਾਰੀ ਅਤੇ ਡਾਟਾ ਸੁਰੱਖਿਆ ਵਿੱਚ ਖਾਮੀਆਂ ਬਾਰੇ ਕਈ ਹੋਰਾਂ ਦੋਸ਼ਾਂ ਦਾ ਸਾਹਮਣਾ ਕਰਨਾ ਪਿਆ ਹੈ। ਪਿੱਛੇ ਜਿਹੇ ਫੋਟੋ ਸ਼ੇਅਰਿੰਗ ਸਾਈਟ ਇੰਸਟਾਗ੍ਰਾਮ ਦੇ ਲੱਖਾਂ ਯੂਜ਼ਰਜ ਦਾ ਪਾਸਵਰਡ ਸੁਰੱਖਿਅਤ ਰੱਖਣ ਵਿੱਚ ਲਾਪਰਵਾਹੀ ਬਾਰੇ ਵੀ ਫੇਸਬੁਕ 'ਤੇ ਸਵਾਲ ਖੜ੍ਹੇ ਹੋਏ ਸਨ। ਨਿੱਜਤਾ ਉਲੰਘਣਾ ਦੇ ਮਾਮਲੇ ਵਿੱਚ ਫੇਸਬੁਕ 'ਤੇ ਪਿਛਲੇ ਸਾਲ ਬ੍ਰਿਟਿਸ਼ ਸੂਚਨਾ ਦਫਤਰ ਨੇ ਵੀ ਫੇਸਬੁਕ 'ਤੇ ਪੰਜ ਲੱਖ ਪੌਂਡ ਦਾ ਜੁਰਮਾਨਾ ਲਾਇਆ ਸੀ।

# ਜਨਰਲ ਮੁਸ਼ੱਰਫ ਦੇ ਵਿਰੁੱਧ ਦੇਸ਼ ਧਰੋਹ ਕੇਸ ਦੀ ਸੁਣਵਾਈ ਇੱਕ ਮਹੀਨਾ ਮੁਲਤਵੀ

ਇਸਲਾਮਾਬਾਦ, 25 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਦੇ ਖਿਲਾਫ ਚੱਲਦੇ ਦੇਸ਼ ਧਰੋਹ ਦੇ ਕੇਸ ਨੂੰ ਵਿਸ਼ੇਸ਼ ਅਦਾਲਤ ਨੇ ਇੱਕ ਮਹੀਨੇ ਲਈ ਮੁਲਤਵੀ ਕਰ ਦਿੱਤਾ ਹੈ। ਪਤਾ ਲੱਗਾ ਹੈ ਕਿ ਸਰਕਾਰ ਬਚਾਅ ਪੱਖ ਦਾ



ਵਕੀਲ ਨਿਯੁਕਤ ਕਰਨ ਵਿੱਚ ਹੀ ਅਸਫਲ ਰਹੀ ਹੈ। ਮੀਡੀਆ ਖਬਰਾਂ ਮੁਤਾਬਕ ਜਸਟਿਸ ਤਾਹਿਰਾ ਸਫਦਰ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਬੈਂਚ ਨੇ ਮੰਗਲਵਾਰ ਨੂੰ ਇਸ ਮਾਮਲੇ ਦੀ ਸੁਣਵਾਈ ਇੱਕ ਮਹੀਨੇ ਲਈ ਮੁਲਤਵੀ ਕਰ ਦਿੱਤੀ ਹੈ। ਇੱਕ ਅੰਗਰੇਜ਼ੀ ਅਖਬਾਰ ਦੀ ਖਬਰ ਮੁਤਾਬਕ ਕਾਨੂੰਨ ਤੇ ਨਿਆਂ ਵਿਭਾਗ ਦੇ ਕਾਰਜਕਾਰੀ ਸੈਕਟਰੀ ਅਰਸ਼ਦ ਫਾਰੂਕ ਫਰੀਮ ਨੇ ਅਦਾਲਤ ਤੋਂ ਹੋਰ ਸਮਾਂ ਮੰਗਦਿਆਂ ਕਿਹਾ ਕਿ ਉਨ੍ਹਾਂ ਦੇ ਮੰਤਰਾਲੇ ਨੇ ਛੇ ਵਕੀਲਾਂ ਦੇ ਨਾਂਅ ਦੀ ਸੂਚੀ ਬਣਾਈ ਹੈ, ਪਰ ਉਹ ਵਕੀਲ ਮੁਸ਼ੱਰਫ ਦਾ ਕੇਸ ਲੜਨਾ ਨਹੀਂ ਚਾਹੁੰਦੇ ਜਾਂ ਫਿਰ ਇਸ ਕੇਸ ਦਾ ਅਧਿਐਨ ਕਰਨ ਲਈ ਸਮਾਂ ਮੰਗਦੇ ਹਨ। ਵਰਨਣ ਯੋਗ ਹੈ ਕਿ ਅਦਾਲਤ ਨੇ ਮੈਡੀਕਲ ਆਧਾਰ 'ਤੇ ਕੇਸ ਦੀ ਸੁਣਵਾਈ ਮੁਲਤਵੀ ਕਰਨ ਦੀ ਮੁਸ਼ੱਰਫ ਦੀ ਅਰਜ਼ੀ 12 ਜੂਨ ਨੂੰ ਰੱਦ ਕਰ ਦਿੱਤੀ ਤੇ ਉਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਸੁਣਵਾਈ ਜਾਰੀ ਰੱਖਣ ਦਾ ਫੈਸਲਾ ਲਿਆ ਸੀ। ਅਦਾਲਤ ਨੇ ਵਾਰ-ਵਾਰ ਗੈਰ ਹਾਜ਼ਰ ਹੋਣ ਕਾਰਨ ਮੁਸ਼ੱਰਫ ਤੋਂ ਆਪਣਾ ਬਚਾਅ ਕਰਨ ਦਾ ਅਧਿਕਾਰ ਵੀ ਖੋਹ ਲਿਆ ਅਤੇ ਮੁਸ਼ੱਰਫ ਦੇ ਵਕੀਲ ਸਲਮਾਨ ਸਫਦਰ ਨੂੰ ਵੀ ਉਨ੍ਹਾਂ ਵੱਲੋਂ ਦਲੀਲਾਂ ਦੇਣ ਤੋਂ ਰੋਕ ਦਿੱਤਾ ਅਤੇ ਸਰਕਾਰ ਤੋਂ ਬਚਾਅ ਪੱਖ ਦਾ ਵਕੀਲ ਨਿਯੁਕਤ ਕਰਨ ਲਈ ਕਿਹਾ ਸੀ।

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

Honesty, Reliability, Commitment
Hira Randhawa
Broker
HomeLife SilverCity
- 1 yr Home Warranty
- 40% Discount on Brand Name
- Appliances & Furniture
- Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

$634,900 — Sandalwood & Conestoga
Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.

$729,900 — Dixie/Octillo
Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!

$739,913 — Charleston Side Rd/Main St.
Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.

$775,000 — Charolais/Chinguacousy Rd
Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP,
SUPER
-VISA,&
TRAVEL
Insurance
H.Randhawa
416-319-0551

MICHELIN · Hankook · Continental · ROADLUX · BFGoodrich · AEOLUS · COMPASAL · Chevron Delo
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

## ਗੁਮਨਾਮੀ ਬਾਬਾ ਅਸਲ ਵਿੱਚ ਸੁਭਾਸ਼ ਬੋਸ ਸਨ, ਇਹ ਪੱਕਾ ਨਹੀਂ: ਜਾਂਚ ਕਮਿਸ਼ਨ

ਲਖਨਊ, 25 ਜੁਲਾਈ (ਪੋਸਟ ਬਿਊਰੋ)- ਫੈਜਾਬਾਦ ਦੇ ਗੁਮਨਾਮੀ ਬਾਬਾ ਅਸਲ ਵਿੱਚ ਸੁਭਾਸ਼ ਚੰਦਰ ਬੋਸ ਸਨ ਜਾਂ ਨਹੀਂ ਇਸ ਵਿਵਾਦ 'ਤੇ ਵਿਰਾਮ ਲੱਗਣ ਦਾ ਮਾਹੌਲ ਬਣਦਾ ਜਾਪਣ ਲੱਗ ਪਿਆ ਹੈ।

ਰਹੱਸਮਈ ਗੁਮਨਾਮੀ ਬਾਬਾ ਬਾਰੇ ਆਈ ਜਸਟਿਸ ਵਿਸ਼ਣੂ ਸਹਾਏ ਕਮਿਸ਼ਨ ਦੀ ਰਿਪੋਰਟ ਨੂੰ ਬੀਤੇ ਦਿਨੀਂ ਉਤਰ ਪ੍ਰਦੇਸ਼ ਦੀ ਕੈਬਨਿਟ ਦੇ ਸਾਹਮਣੇ ਪੇਸ਼ ਕੀਤਾ ਗਿਆ। ਇਸ ਵਿੱਚ ਕਿਹਾ ਗਿਆ ਹੈ ਕਿ ਇਹ ਲੋਕਮਤ ਹੈ ਕਿ ਉਹ ਸੁਭਾਸ਼ ਚੰਦਰ ਬੋਸ ਸਨ, ਪਰ ਅਸਲ ਵਿੱਚ ਯਕੀਨ ਕਰਨਾ ਮੁਸ਼ਕਲ ਹੈ ਕਿ ਉਹ ਉਹੀ ਸਨ ਜਾਂ ਨਹੀਂ। ਸਾਲ 2016 ਵਿੱਚ ਗਠਿਤ ਕੀਤੇ ਜਾਂਚ ਕਮਿਸ਼ਨ ਦੇ ਉਤਰ ਪ੍ਰਦੇਸ਼ ਵਿਧਾਨ ਸਭਾ ਵਿੱਚ ਪੇਸ਼ ਕੀਤੇ ਫੈਸਲੇ ਅਨੁਸਾਰ ਬੋਸ ਤੇ ਬਾਬਾ ਵਿੱਚ ਕੇਵਲ ਕੁਝ ਸਮਾਨਾਵਾਂ ਹਨ। ਇਸ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਅੰਗਰੇਜ਼ੀ, ਬੰਗਾਲੀ ਅਤੇ ਹਿੰਦੀ ਭਾਸ਼ਾ, ਜਿਨ੍ਹਾਂ ਦੇ ਨੇਤਾਜੀ ਬੋਸ ਵਧੀਆ ਜਾਣਕਾਰ ਸਨ ਅਤੇ ਨੇਤਾਜੀ 'ਤੇ ਲਿਖੀਆਂ ਗਈਆਂ ਕਿਤਾਬਾਂ ਅਤੇ ਨੇਤਾਜੀ ਦੇ ਪਸੰਦੀਦਾ ਲੇਖਕਾਂ ਦੀਆਂ ਕਿਤਾਬਾਂ ਨੂੰ ਛੱਡ ਕੇ ਉਥੇ ਹੋਰ ਚੀਜ਼ਾਂ ਮਿਲੀਆਂ ਹਨ। ਜਾਣਕਾਰ ਸੂਤਰਾਂ ਨੇ ਦੱਸਿਆ ਕਿ ਰਿਪੋਰਟ ਵਿੱਚ ਇਹ ਖੁਲਾਸਾ ਕੀਤਾ ਗਿਆ ਹੈ ਕਿ ਗੁਮਨਾਮੀ ਬਾਬਾ ਵੀ ਇਨ੍ਹਾਂ ਤਿੰਨਾਂ ਭਾਸ਼ਾਵਾਂ ਦੇ ਚੰਗੇ ਜਾਣਕਾਰ ਅਤੇ ਪ੍ਰਭਾਵਸ਼ਾਲੀ ਵਿਅਕਤੀ ਸਨ, ਜਿਨ੍ਹਾਂ ਨੂੰ ਲੋਕ ਮਿਲਣ ਆਉਂਦੇ ਸਨ। ਸੂਤਰ ਨੇ ਕਿਹਾ, ਰਿਪੋਰਟ ਅਨੁਸਾਰ ਗੁਮਨਾਮੀ ਬਾਬਾ ਆਪਣੇ ਫੈਜਾਬਾਦ ਦੇ ਘਰ ਵਿੱਚ ਤਦ ਤੱਕ ਰਹੇ, ਜਦ ਤੱਕ ਉਨ੍ਹਾਂ ਦੇ ਸੁਭਾਸ਼ ਚੰਦਰ ਬੋਸ ਹੋਣ ਦੀਆਂ ਅਫਵਾਹਾਂ ਨਹੀਂ ਉਡੀਆਂ। ਇਸ ਪਿੱਛੋਂ ਉਨ੍ਹਾਂ ਨੇ ਉਹ ਸਥਾਨ ਛੱਡ ਦਿੱਤਾ। ਰਿਪੋਰਟ ਵਿੱਚ ਗੁਮਨਾਮੀ ਬਾਬਾ ਦੇ ਸੰਗੀਤ ਅਤੇ ਸਿਗਾਰ ਪ੍ਰਤੀ ਪ੍ਰੇਮ ਦਾ ਵੀ ਖੁਲਾਸਾ ਕੀਤਾ ਗਿਆ ਹੈ।

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
7 Days Work • All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੁਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

## ਪ੍ਰਕਾਸ਼ ਪੁਰਬ ਸਮਾਗਮਾਂ ਦੇ ਲਈ 'ਕੌਫੀ ਟੇਬਲ ਬੁੱਕ' ਦੀ ਪਹਿਲੀ ਜਿਲਦ ਜਾਰੀ



ਚੰਡੀਗੜ੍ਹ, 25 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦੀ ਲੜੀ ਵਜੋਂ ਕੱਲ੍ਹ ਰਾਜ ਸਰਕਾਰ ਵੱਲੋਂ ਪ੍ਰਕਾਸ਼ਿਤ ਕੀਤੀ 'ਕੌਫੀ ਟੇਬਲ ਬੁੱਕ' ਦੀ ਪਹਿਲੀ ਜਿਲਦ ਕੈਬਨਿਟ ਮੰਤਰੀਆਂ ਦੀ ਹਾਜ਼ਰੀ 'ਚ ਜਾਰੀ ਕੀਤੀ ਹੈ। 70 ਸਫਿਆਂ ਦੀ ਇਹ ਕਿਤਾਬ ਪ੍ਰਕਾਸ਼ ਪੁਰਬ ਦੇ ਸਮਾਰੋਹਾਂ ਦੀ ਲੜੀ 'ਚ ਨਵੰਬਰ 2018 ਤੋਂ ਜੂਨ 2019 ਤੱਕ ਦੇ ਵਿਸ਼ੇਸ਼ ਸਮਾਗਮਾਂ ਦਾ ਵਿਸਥਾਰ 'ਚ ਵਰਣਨ ਕਰਦੀ ਹੈ। ਇਨ੍ਹਾਂ ਸਮਾਗਮਾਂ 'ਚ ਕਰਤਾਰਪੁਰ ਲਾਂਘੇ ਦਾ ਨੀਂਹ ਪੱਥਰ ਰੱਖਣ ਦੇ ਨਾਲ-ਨਾਲ ਇਸ ਇਤਿਹਾਸਕ ਮੌਕੇ ਨੂੰ ਸਮਰਪਿਤ ਬੁਨਿਆਦੀ ਢਾਂਚੇ ਦੇ ਵਿਕਾਸ ਨਾਲ ਜੁੜੇ ਹੋਰ ਕਾਰਜ ਸ਼ਾਮਲ ਹਨ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਪ੍ਰਕਾਸ਼ ਪੁਰਬ ਮੌਕੇ ਵਿੱਢੇ ਹੋਰ ਕਾਰਜਾਂ ਨੂੰ ਵੀ ਇਸ ਕਿਤਾਬ 'ਚ ਵਿਧੀ ਪੂਰਵਕ ਢੰਗ ਨਾਲ ਉਜਾਗਰ ਕੀਤਾ ਹੈ। ਇਸ ਕੌਫੀ ਟੇਬਲ ਬੁੱਕ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਫਲਸਫੇ ਉੱਤੇ ਲਾਏ ਗਏ ਕਿਤਾਬ ਮੇਲਿਆਂ ਦੇ ਵੇਰਵੇ ਦੇਣ ਤੋਂ ਇਲਾਵਾ ਹੱਥ ਲਿਖਤ ਖਰੜਿਆਂ, ਭਾਈ ਮਰਦਾਨਾ ਜੀ ਦੀ ਰਬਾਬ ਆਦਿ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸ ਕੌਫੀ ਟੇਬਲ ਬੁੱਕ ਨੂੰ ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਵੱਲੋਂ ਤਿਆਰ ਕੀਤਾ ਗਿਆ ਅਤੇ ਇਸ ਦੀ ਪ੍ਰਕਾਸ਼ਨਾ ਕੰਟਰੋਲਰ ਪ੍ਰਿੰਟਿੰਗ ਤੇ ਸਟੇਸ਼ਨਰੀ, ਪੰਜਾਬ ਨੇ ਕੀਤੀ ਹੈ।

## ਸਰਕਾਰੀ ਹਸਪਤਾਲ ਦੇ ਦਲਾਲਾਂ ਤੋਂ ਦੁਖੀ ਹੋ ਕੇ ਗਾਇਨੀ ਡਾਕਟਰ ਨੇ ਛੁੱਟੀ ਲੈ ਲਈ



ਅਬੋਹਰ, 25 ਜੁਲਾਈ (ਪੋਸਟ ਬਿਊਰੋ)- ਸਰਕਾਰੀ ਹਸਪਤਾਲ ਵਿੱਚ ਮਹਿਲਾ ਰੋਗਾਂ ਦੀ ਡਾਕਟਰ ਸੁਪ੍ਰੀਆ ਚੌਧਰੀ ਏਥੇ ਫਿਰਦੇ ਦਲਾਲਾਂ ਤੋਂ ਦੁਖੀ ਹੋ ਕੇ 24 ਜੁਲਾਈ ਤੋਂ 10 ਅਗਸਤ ਤੱਕ ਛੁੱਟੀ 'ਤੇ ਚਲੀ ਗਈ ਹੈ। ਇਸ ਤੋਂ ਪਹਿਲਾਂ ਵੀ ਉਹ ਇੱਕ ਤੋਂ 17 ਜੁਲਾਈ ਤੱਕ ਛੁੱਟੀ 'ਤੇ ਸਨ। ਹਸਪਤਾਲ ਦੀ ਇੱਕੋ-ਇੱਕ ਮਹਿਲਾ ਰੋਗਾਂ ਦੀ ਮਾਹਰ ਦੇ ਛੁੱਟੀ ਉੱਤੇ ਚਲੇ ਜਾਣ ਦੇ ਨਾਲ ਗਰਭਵਤੀ ਔਰਤਾਂ ਨੂੰ ਪ੍ਰੇਸ਼ਾਨੀ ਹੋ ਰਹੀ ਹੈ।

ਹਸਪਤਾਲ ਦੇ ਰਿਕਾਰਡ ਮੁਤਾਬਕ ਇਥੇ ਰੋਜ਼ ਚਾਰ-ਪੰਜ ਕੇਸ ਨਾਰਮਲ ਡਿਲੀਵਰੀ ਦੇ ਆਉਂਦੇ ਹਨ ਅਤੇ ਹਫਤੇ ਵਿੱਚ ਇੱਕ ਦੋ ਸਿਜੇਰੀਅਨ ਕੇਸ ਆਉਂਦੇ ਹਨ, ਪਰ ਡਾਕਟਰ ਨਾ ਹੋਣ ਕਾਰਨ ਸਿਜੇਰੀਅਨ ਕੇਸ ਕਰਵਾਉਣਾ ਅਸੰਭਵ ਹੋ ਜਾਂਦਾ ਹੈ। ਡਾਕਟਰ ਸੁਪ੍ਰੀਆ ਚੌਧਰੀ ਦਾ ਦੋਸ਼ ਹੈ ਕਿ ਸਰਕਾਰੀ ਹਸਪਤਾਲ ਵਿੱਚ ਮਹਿਲਾ ਮਰੀਜ਼ਾਂ ਦੀ ਜਾਂਚ ਦੌਰਾਨ ਕੁਝ ਏਜੰਟ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਹਨ। ਉਹ ਵੀਡੀਓ ਤੱਕ ਬਣਾਉਣ ਤੋਂ ਗੁਰੇਜ ਨਹੀਂ ਕਰਦੇ। ਉਨ੍ਹਾਂ ਨੇ ਕਿਹਾ ਕਿ ਕਈ ਵਾਰ ਉਨ੍ਹਾਂ ਨੂੰ ਰਾਤ ਨੂੰ ਵੀ ਮਰੀਜ਼ ਦੇਖਣ ਆਉਂਦਾ ਪੈਂਦਾ ਹੈ ਅਤੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ। ਇਸ ਦੀ ਸ਼ਿਕਾਇਤ ਐੱਸ ਐੱਮ ਓ ਅਤੇ ਸਿਵਲ ਸਰਜਨ ਨੂੰ ਵੀ ਦਿੱਤੀ ਸੀ, ਪਰ ਕਾਰਵਾਈ ਨਹੀਂ ਹੋਈ। ਏਸੇ ਲਈ ਉਨ੍ਹਾਂ ਨੂੰ ਮਜਬੂਰੀ ਫਿਰ ਛੁੱਟੀ ਲੈਣ ਲਈ ਮਜਬੂਰ ਹੋਣਾ ਪਿਆ ਹੈ। ਡਾਕਟਰ ਚੌਧਰੀ ਦਾ ਦੋਸ਼ ਹੈ ਕਿ ਹਸਪਤਾਲ ਵਿੱਚ ਪ੍ਰਾਈਵੇਟ ਏਜੰਟਾਂ ਦਾ ਬੋਲਬਾਲਾ ਹੈ, ਜੋ ਮਰੀਜ਼ ਨੂੰ ਆਪਣੇ ਨਰਸਿੰਗ ਹੋਮ ਲੈ ਜਾਣ ਦੀ ਕੋਸ਼ਿਸ਼ ਵਿੱਚ ਰਹਿੰਦੇ ਹਨ।

## ਕੇਂਦਰ ਸਰਕਾਰ ਨੇ 40 ਲੱਖ ਟਨ ਖੰਡ ਦੇ ਵਾਧੂ ਭੰਡਾਰ ਦੇ ਮਤੇ ਨੂੰ ਮਨਜ਼ੂਰੀ ਦਿੱਤੀ



ਨਵੀਂ ਦਿੱਲੀ, 25 ਜੁਲਾਈ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਗੰਨਾ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਲਈ ਦੋ ਅਹਿਮ ਪ੍ਰਸਤਾਵਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਗਵਾਈ ਹੇਠ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ 40 ਲੱਖ ਟਨ ਖੰਡ ਦਾ ਵਾਧੂ ਭੰਡਾਰ ਕਰਨ ਅਤੇ 2019-20 (ਅਕਤੂਬਰ ਤੋਂ ਸਤੰਬਰ) ਲਈ ਗੰਨੇ ਦਾ ਵਾਜਬ ਅਤੇ ਲਾਹੇਵੰਦ ਮੁੱਲ (ਐਫ ਆਰ ਪੀ) 275 ਰੁਪਏ ਕੁਇੰਟਲ ਰੱਖਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸਰਕਾਰ ਦੇ ਇਸ ਫੈਸਲੇ ਨਾਲ ਗੰਨਾ ਕਿਸਾਨਾਂ ਦੇ ਬਕਾਇਆ 15000 ਕਰੋੜ ਰੁਪਏ ਦਾ ਭੁਗਤਾਨ ਕਰਨ 'ਚ ਮਦਦ ਮਿਲੇਗੀ।

ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਮੰਤਰੀ ਮੰਡਲ ਦੇ ਫੈਸਲਿਆਂ ਬਾਰੇ ਕਿਹਾ ਕਿ ਪਿਛਲੇ ਸਾਲ ਭੰਡਾਰ ਕਾਰਨ ਗੰਨਾ ਕਿਸਾਨਾਂ ਨੂੰ ਹੋਏ ਫਾਇਦੇ ਨੂੰ ਵੇਖ ਕੇ ਸਰਕਾਰ ਨੇ 40 ਲੱਖ ਟਨ ਖੰਡ ਦਾ ਭੰਡਾਰ ਰੱਖਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ 'ਤੇ 1674 ਕਰੋੜ ਰੁਪਏ ਖਰਚ ਆਏਗਾ। ਪਿਛਲੇ ਸਾਲ ਅਗਸਤ 'ਚ ਸਰਕਾਰ ਨੇ 1175 ਕਰੋੜ ਰੁਪਏ ਦੀ ਲਾਗਤ ਨਾਲ 30 ਲੱਖ ਟਨ ਖੰਡ ਦਾ ਭੰਡਾਰ ਰੱਖਿਆ ਸੀ ਤਾਂ ਜੋ ਖੰਡ ਮਿੱਲਾਂ ਦੇ ਮਾਲਕ ਨਕਦੀ ਸੰਕਟ ਸੁਲਝਾ ਸਕਣ। ਕੇਂਦਰ ਨੇ ਪਿਛਲੇ ਸਾਲ ਤੈਅ ਕੀਤੇ ਗੰਨੇ ਦੇ ਵਾਜਬ ਤੇ ਲਾਹੇਵੰਦ ਮੁੱਲ (ਐਫ ਆਰ ਪੀ) 275 ਰੁਪਏ ਪ੍ਰਤੀ ਕੁਇੰਟਲ ਨੂੰ ਬਰਕਰਾਰ ਰੱਖਿਆ ਹੈ। ਇਸ ਤੋਂ ਇਲਾਵਾ ਕੌਮੀ ਖਾਣ ਮਜ਼ਦੂਰ ਸਿਹਤ ਸੰਸਥਾਨ ਦੀ ਮੈਡੀਕਲ ਕੌਂਸਲ ਕੌਮੀ ਕਿੱਤਾਕਾਰੀ ਸਿਹਤ ਸੰਸਥਾਨ ਨਾਲ ਰਲੇਵੇਂ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ।

### ਜੱਜ ਦੀ ਬ੍ਰਾਹਮਣਾਂ ਨੂੰ ਨਸੀਹਤ

## ਜਾਤੀ ਰਿਜ਼ਰਵੇਸ਼ਨ ਦੇ ਖਿਲਾਫ ਅੰਦੋਲਨ ਕਰਨ ਬ੍ਰਾਹਮਣ



ਕੋਚੀ, 25 ਜੁਲਾਈ (ਪੋਸਟ ਬਿਊਰੋ)- ਕੇਰਲ ਹਾਈ ਕੋਰਟ ਦੇ ਜੱਜ ਵੀ ਚਿਤਾਮਬ੍ਰੇਸ਼ ਨੇ ਬ੍ਰਾਹਮਣਾਂ ਨੂੰ ਜਾਤੀ ਰਿਜ਼ਰਵੇਸ਼ਨ ਦੇ ਖਿਲਾਫ ਅੰਦੋਲਨ ਦੀ ਨਸੀਹਤ ਕਰ ਦਿੱਤੀ ਹੈ। ਪਿਛਲੇ ਦਿਨੀਂ ਤਮਿਲ ਬ੍ਰਾਹਮਣਾਂ ਦੇ ਗਲੋਬਲ ਸੰਮੇਲਨ ਵਿੱਚ ਜਸਟਿਸ ਚਿਤਾਮਬ੍ਰੇਸ਼ ਨੇ ਬ੍ਰਾਹਮਣਾਂ ਦੇ ਸਮਾਜਕ ਆਰਥਿਕ ਹਾਲਾਤ ਦਾ ਮੁੱਦਾ ਉਠਾ ਕੇ ਕਿਹਾ ਕਿ ਸੰਵਿਧਾਨਕ ਅਹੁਦੇ 'ਤੇ ਹੋਣ ਦੇ ਕਾਰਨ ਉਹ ਆਪਣੀ ਕੋਈ ਰਾਏ ਪੇਸ਼ ਨਹੀਂ ਕਰ ਰਹੇ, ਪਰ ਇਹ ਬ੍ਰਾਹਮਣਾਂ ਲਈ ਮੰਥਨ ਦਾ ਸਮਾਂ ਹੈ। ਜਸਟਿਸ ਵੀ ਚਿਤਾਮਬ੍ਰੇਸ਼ ਨੇ ਸਵਾਲ ਕੀਤਾ ਕਿ ਕੀ ਰਿਜ਼ਰਵੇਸ਼ਮਨ ਸਿਰਫ ਗਰੁੱਪ ਜਾਂ ਜਾਤੀ ਦੇ ਆਧਾਰ ਉੱਤੇ ਮਿਲਣੀ ਚਾਹੀਦੀ ਹੈ। ਮੈਂ ਤੁਹਾਨੂੰ ਕੇਵਲ ਇਹ ਦੱਸਣਾ ਚਾਹੁੰਦਾ ਹਾਂ ਕਿ ਅੰਦੋਲਨ ਲਈ ਤੁਹਾਡੇ ਕੋਲ ਇੱਕ ਮੰਚ ਹੈ। ਸਿਰਫ ਆਰਥਿਕ ਆਧਾਰ 'ਤੇ ਰਿਜ਼ਰਵੇਸ਼ਨ ਦੀ ਗੱਲ ਉਠਾਓ, ਜਾਤੀ ਜਾਂ ਧਰਮ ਆਧਾਰਤ ਰਿਜ਼ਰਵੇਸ਼ਨ ਦੀ ਨਹੀਂ। ਬ੍ਰਾਹਮਣ ਭਾਈਚਾਰੇ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਬ੍ਰਾਹਮਣ ਦ੍ਵਿਜਨਮਾ ਹੁੰਦਾ ਹੈ। ਯਾਨੀ ਉਹ ਦੋ ਵਾਰ ਜਨਮ ਲੈਣ ਵਾਲਾ ਹੁੰਦਾ ਹੈ। ਪੂਰਵ ਜਨਮ ਵਿੱਚ ਕੀਤੇ ਚੰਗੇ ਕਰਮਾਂ ਦੇ ਕਾਰਨ ਉਸ ਦਾ ਦੋ ਵਾਰ ਜਨਮ ਹੁੰਦਾ ਹੈ। ਉਨ੍ਹਾਂ ਨੇ ਆਰਥਿਕ ਰੂਪ ਤੋਂ ਪਿਛੜੇ ਲੋਕਾਂ ਲਈ 10 ਫੀਸਦੀ ਰਿਜ਼ਰਵੇਸ਼ਨ ਦਾ ਜ਼ਿਕਰ ਕਰ ਕੇ ਕਿਹਾ, ਇੱਕ ਬ੍ਰਾਹਮਣ ਰਸੋਈਏ ਦਾ ਬੇਟਾ, ਜੇ ਨਾਨ ਕਰੀਮੀ ਲੇਅਰ ਦੇ ਦਾਇਰੇ ਵਿੱਚ ਆਉਂਦਾ ਵੀ ਹੈ ਤਾਂ ਉਸ ਨੂੰ ਕੋਈ ਰਿਜ਼ਰਵੇਸ਼ਨ ਨਹੀਂ ਮਿਲੇਗਾ, ਜਦ ਕਿ ਇੱਕ ਲੱਕੜੀ ਵਪਾਰੀ ਦਾ ਬੇਟਾ, ਜਿਹੜਾ ਓ ਬੀ ਸੀ ਫਿਰਕੇ ਨਾਲ ਸੰਬੰਧ ਰੱਖਦਾ ਹੈ, ਜੇ ਉਹ ਨਾਨ ਕਰੀਮੀ ਲੇਅਰ ਦੇ ਦਾਇਰੇ ਵਿੱਚ ਆਉਂਦਾ ਹੈ ਤਾਂ ਉਸ ਨੂੰ ਰਿਜ਼ਰਵੇਸ਼ਨ ਮਿਲੇਗਾ। ਜਸਟਿਸ ਚਿਤਾਮਬ੍ਰੇਸ ਨੇ ਨਿਰਾਸ਼ਾ ਜ਼ਾਹਰ ਕੀਤੀ ਕਿ ਬ੍ਰਾਹਮਣ ਸਮਾਜ ਆਪਣੀ ਮੰਗ ਅਤੇ ਜ਼ਰੂਰਤਾਂ ਨੂੰ ਲੈ ਕੇ ਮੁਖਰ ਨਹੀਂ ਹੈ।

ਦੋ ਹਫਤਿਆਂ ਵਿੱਚ ਬਵਾਸੀਰ ਦਾ ਸ਼ੁਰਤੀਆ ਇਲਾਜ
ਕਾਲ ਕਰੋ: 416-845-7534



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

Saini Sikh ਲੜਕਾ, Age 25 ਸਾਲ, Hight 5ft 7 inch, Rang Gora, Parmanent in Italy, Back home Nawanshahr. ਲੜਕੇ ਦਾ ਚਾਚਾ ਤੇ ਭੂਆ Citizen in Canada, ਲੜਕਾ visitor in Canada. ਸੰਪਰਕ: 905-840-4516,647-657-9157

ਜੱਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੁੱਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਸਿੱਖ ਸੈਣੀ ਸਿਟੀਜਨ, ਉਮਰ 27 ਸਾਲ, ਕੱਦ 5 ਫੁੱਟ 6 ਇੰਚ, BSc Graduate, ਵਧੀਆ IT ਜੋਬ ਕਰਦੇ ਲੜਕੇ ਲਈ ਕੈਨੇਡੀਅਨ ਸਿਟੀਜਨ \ ਪੀ ਆਰ ਲੜਕੀ ਦੀ ਲੋੜ ਹੈ। ਕੈਨੇਡੀਅਨ ਸਿਟੀਜਨ ਨੂੰ ਪਹਿਲ। ਸੰਪਰਕ ਕਰੋ : 416-662-0730 ਜਾਂ ਫੇਰ ਈ-ਮੇਲ ਕਰੋ:sainig5@yahoo.ca

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11'', ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੈਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਨਸ਼ਿਆਂ ਤੋਂ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

**Match needed for well settled 5'4'', 46 yrs old. Doing Govt Job in India. Holding visitir visa of Canada. She has 14 yrs old son. Contact +91-7986385880**

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4'', +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce


Email Resume: hr@cellntell.com or umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

ਹਰਜੀਤ ਧਨੋਆ
416.230.4000 • 647.409.1092
www.STARLANEPAINTING.com

## 'ਹੋਗੀ ਪਿਆਰ ਕੀ ਜੀਤ' ਦਾ ਬਣੇਗਾ ਸੀਕਵਲ

ਤਕਰੀਬਨ ਵੀਹ ਸਾਲ ਪਹਿਲਾਂ ਰਿਲੀਜ਼ ਹੋਈ ਅਜੈ ਦੇਵਗਨ ਨੇਹਾ, ਅਰਸ਼ਦ ਵਾਰਸੀ ਅਤੇ ਮਿਊਰੀ ਕਾਂਗੋ ਸਟਾਰਰ ਫਿਲਮ 'ਹੋਗੀ ਪਿਆਰ ਕੀ ਜੀਤ' ਦਾ ਸੀਕਵਲ ਬਣਨ ਵਾਲਾ ਹੈ। ਸੂਤਰਾਂ ਦੀ ਮੰਨੀਏ ਤਾਂ ਇਸ ਰੋਮਾਂਟਿਕ ਡਰਾਮਾ ਫਿਲਮ ਦਾ ਸੀਕਵਲ ਬਣਾਉਣ 'ਤੇ ਵਿਚਾਰ ਚੱਲ ਰਿਹਾ ਹੈ। ਇਹ ਫਿਲਮ 'ਗਦਰ' ਫੇਮ ਅਨਿਲ ਸ਼ਰਮਾ ਨੇ ਬਣਾਈ ਸੀ ਤੇ ਇਨ੍ਹੀਂ ਦਿਨੀਂ ਉਹ ਉਸ ਦੇ ਸੀਕਵਲ ਦੀ ਕਹਾਣੀ 'ਤੇ ਕੰਮ ਕਰ ਰਹੇ ਹਨ। ਜੇ ਸਭ ਕੁਝ ਠੀਕ ਠਾਕ ਰਿਹਾ ਹਾਂ ਜਲਦੀ ਹੀ ਇਸ ਦੀ ਕਾਸਟਿੰਗ 'ਤੇ ਕੰਮ ਸ਼ੁਰੂ ਹੋਵੇਗਾ। ਫਿਲਮ ਦੇ ਨਿਰਮਾਤਾ ਚਾਹੁੰਦੇ ਹਨ ਕਿ ਰਾਜ ਕੁਮਾਰ ਰਾਓ ਇਸ ਦੇ ਸੀਕਵਲ ਵਿੱਚ ਮੁੱਖ ਭੂਮਿਕਾ ਨਿਭਾਉਣ, ਪਰ ਹਾਲੇ ਇਸ ਦਾ ਫਾਈਨਲ ਡਿਸੀਜਨ ਨਹੀਂ ਲਿਆ ਗਿਆ। ਫਿਲਮ ਦੀ ਬਾਕੀ ਸਟਾਰ ਕਾਸਟ ਨੂੰ ਲੈ ਕੇ ਵੀ ਵਿਚਾਰ ਕੀਤਾ




ਜਾ ਰਿਹਾ ਹੈ। ਅਜਿਹਾ ਵੀ ਕਿਹਾ ਜਾ ਰਿਹਾ ਹੈ ਕਿ ਇਸ ਵਿੱਚ ਟੀ ਵੀ ਅਭਿਨੇਤਰੀ ਦੇਵੋਲੀਨਾ ਭੱਟਾਚਾਰੀਆ ਰਾਜ ਕੁਮਾਰ ਦੇ ਆਪੋਜ਼ਿਟ ਨਜ਼ਰ ਆ ਸਕਦੀ ਹੈ। ਮੰਨਿਆ ਜਾ ਰਿਹਾ ਹੈ ਕਿ ਅਜੈ ਦੇਵਗਨ ਵੀ ਇਸ ਦਾ ਹਿੱਸਾ ਹੋ ਸਕਦੇ ਹਨ। ਦੱਸਣਾ ਬਣਦਾ ਹੈ ਕਿ ਫਿਲਮ 'ਹੋਗੀ ਪਿਆਰ ਕੀ ਜੀਤ' 1999 ਵਿੱਚ ਬਣੀ ਸੀ ਤੇ ਘੱਟ ਬਜਟ ਵਿੱਚ ਬਣਨ ਦੇ ਬਾਵਜੂਦ ਇਸ ਨੇ ਬਾਕਸ ਆਫਿਸ 'ਤੇ ਚੰਗਾ ਪ੍ਰਦਰਸ਼ਨ ਕੀਤਾ ਸੀ। ਇਸ ਫਿਲਮ ਦਾ ਟਾਈਟਲ ਪਹਿਲਾਂ 'ਕਿਸ਼ਨ ਬਲਰਾਮ' ਰੱਖਿਆ ਗਿਆ ਸੀ ਜਿਸ ਦੇ ਲਈ ਪਹਿਲਾਂ ਸੰਨੀ ਦਿਓਲ, ਆਮਿਰ ਖਾਨ, ਆਯੂਬ ਖਾਨ, ਸ਼ਿਲਪਾ ਸ਼ੈਟੀ, ਆਇਸ਼ਾ ਜ਼ੁਲਕਾ, ਮਮਤਾ ਕੁਲਕਰਨੀ ਤੇ ਸੋਨਾਲੀ ਬੇਂਦਰੇ ਨੂੰ ਸਾਈਨ ਕੀਤਾ ਗਿਆ ਸੀ, ਪਰ ਬਾਅਦ ਵਿੱਚ ਇਨ੍ਹਾਂ ਸਾਰਿਆਂ ਨੇ ਡੇਟਸ ਪ੍ਰੋਬਲਮ ਦੇ ਕਾਰਨ ਇੱਕ ਦੇ ਬਾਅਦ ਇੱਕ ਇਹ ਫਿਲਮ ਛੱਡੀ ਦਿੱਤੀ। ਆਖਰਕਾਰ ਇਸ ਦੇ ਬਾਅਦ ਅਜੈ ਦੇਵਗਨ ਅਤੇ ਅਰਸ਼ਦ ਵਾਰਸੀ ਨੂੰ ਕਾਸਟ ਕੀਤਾ ਗਿਆ ਸੀ।

## ਬਦਲ ਸਕਦੀ ਹੈ ਸ਼ਰਧਾ-ਸੁਸ਼ਾਂਤ ਦੀ 'ਛਿਛੋਰੇ' ਦੀ ਰਿਲੀਜ਼ ਡੇਟ

ਸੁਸ਼ਾਂਤ ਸਿੰਘ ਰਾਜਪੂਤ ਅਤੇ ਸ਼ਰਧਾ ਕਪੂਰ ਦੀ ਫਿਲਮ 'ਛਿਛੋਰੇ' ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ। ਇਸ ਫਿਲਮ ਨੂੰ ਨਿਤੇਸ਼ ਤਿਵਾੜੀ ਨੇ ਡਾਇਰੈਕਟ ਕੀਤਾ ਹੈ। ਇਸ ਵਿੱਚ ਵਰੁਣ ਸ਼ਰਮਾ, ਤਾਹਿਰ ਰਾਜ ਭਸੀਨ ਅਤੇ ਪ੍ਰਤੀਕ ਬੱਬਰ ਵੀ ਅਹਿਮ ਕਿਰਦਾਰ ਵਿੱਚ ਨਜ਼ਰ ਆਉਣਗੇ। ਇਹ ਫਿਲਮ ਤੀਹ ਅਗਸਤ ਨੂੰ ਰਿਲੀਜ਼ ਹੋਣੀ ਸੀ, ਪਰ ਮੰਨਿਆ ਜਾ ਰਿਹਾ ਹੈ ਕਿ ਇਸ ਦਿਨ ਫਿਲਮ 'ਸਾਹੋ' ਰਿਲੀਜ਼ ਹੋ ਸਕਦੀ ਹੈ।

ਅਜਿਹੇ ਵਿੱਚ ਚਰਚਾ ਹੈ ਕਿ ਇਸ ਫਿਲਮ ਦੇ ਮੇਕਰਸ ਇਸ ਦੀ ਰਿਲੀਜ਼ ਡੇਟ ਬਦਲ ਸਕਦੇ ਹਨ। ਇਸ ਦੇ ਪਿੱਛੇ ਵੱਡਾ ਕਾਰਨ ਇਹ ਹੈ ਕਿ ਦੋਵੇਂ ਫਿਲਮਾਂ ਵਿੱਚ ਲੀਡ ਰੋਲ ਵਿੱਚ ਸ਼ਰਧਾ ਕਪੂਰ ਹੈ। ਮੇਕਰਸ ਹੀ ਨਹੀਂ ਬਲਕਿ ਸ਼ਰਧਾ ਵੀ ਨਹੀਂ ਚਾਹੇਗੀ ਕਿ ਉਸ ਦੀਆਂ ਦੋ ਵੱਡੀਆਂ ਫਿਲਮਾਂ ਇੱਕੋ ਦਿਨ ਰਿਲੀਜ਼ ਹੋਣ। ਕਿਉਂਕਿ 'ਸਾਹੋ' ਦੀ ਰਿਲੀਜ਼ ਪਹਿਲਾਂ ਹੀ ਲੇਟ ਹੋਈ ਹੈ, ਅਜਿਹੇ ਵਿੱਚ ਹੁਣ 'ਛਿਛੋਰੇ' ਦੀ ਰਿਲੀਜ਼ ਡੇਟ ਬਦਲਣ ਦੀ ਉਮੀਦ ਹੈ।



ਕਾਨੂੰਨੀ ਨੋਟਿਸ

This is a Notice of Proceedings for Jalwinder Singh Sidhu . A legal proceeding has been commenced against you with court file no: 122/19. You must contact the lawyer for the Applicant Guruveent Sangha at 905-497-7200 or the courthouse at 7755 Hurontario Street, Brampton, ON immediately if you wish to file an answer/defend yourself in this proceeding. Should you fail to do so orders may be made against you in your absence and without any further notice.

ਇਹ ਨੋਟਿਸ ਜਲਵਿੰਦਰ ਸਿੰਘ ਸਿੱਧੂ ਸਬੰਧੀ ਪ੍ਰੋਸੀਡਿੰਗਜ਼ ਲਈ ਹੈ। ਤੁਹਾਡੇ ਖਿਲਾਫ ਕਾਨੂੰਨੀ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ ਜਿਸ ਦਾ ਕੋਰਟ ਫਾਈਲ ਨੰ:122/19 ਹੈ। ਜੇ ਤੁਸੀਂ ਇਸ ਸਬੰਧੀ ਜਵਾਬ ਦੇਣਾ ਚਾਹੁੰਦੇ ਹੋਂ ਜਾਂ ਖੁਦ ਦਾ ਬਚਾਅ ਕਰਨਾ ਚਾਹੁੰਦੇ ਹੋਂ ਤਾਂ ਤੁਹਾਨੂੰ ਬਿਨੈਕਰਤਾ ਗੁਰੂਵੀਂਤ ਸੰਘਾ ਦੇ ਵਕੀਲ ਨਾਲ 905-497-7200 ਉੱਤੇ ਸੰਪਰਕ ਕਰਨਾ ਚਾਹੀਦਾ ਹੈ ਜਾਂ 7755 ਹੁਰੌਨਤਾਰੀਓ ਸਟਰੀਟ,ਬਰੈਂਪਟਨ,ਓਨਟਾਰੀਓ ਸਥਿਤ ਕੋਰਟਹਾਊਸ ਵਿਖੇ ਮੁਲਾਕਾਤ ਕਰਨੀ ਚਾਹੀਦੀ ਹੈ। ਜੇ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹੋਂ ਤਾਂ ਤੁਹਾਡੀ ਗੈਰਹਾਜ਼ਰੀ ਵਿੱਚ ਤੇ ਬਿਨਾਂ ਕੋਈ ਅਗਾਊਂ ਨੋਟਿਸ ਦੇ ਤੁਹਾਡੇ ਖਿਲਾਫ ਆਰਡਰ ਜਾਰੀ ਕੀਤੇ ਜਾ ਸਕਦੇ ਹਨ।

## ਫਿਲਮ 'ਭੂਤ' ਵਿੱਚ ਪੈਰਾ-ਨਾਰਮਲ ਐਕਸਪਰਟ ਬਣੇ ਆਸ਼ੂਤੋਸ਼ ਰਾਣਾ

ਵਿੱਕੀ ਕੌਸ਼ਲ ਸਟਾਰਰ ਫਿਲਮ 'ਭੂਤ' ਵਿੱਚ ਆਸ਼ੂਤੋਸ਼ ਰਾਣਾ ਵੀ ਨਜ਼ਰ ਆਉਣਗੇ। ਉਹ ਇਸ ਫਿਲਮ ਦੇ ਪਹਿਲੇ ਪਾਰਟ ਵਿੱਚ ਇੱਕ ਪ੍ਰੋਫੈਸਰ ਦੇ ਰੋਲ ਵਿੱਚ ਹੋਣਗੇ। ਫਿਲਮ ਦਾ ਨਿਰਮਾਣ ਕਰਣ ਜੌਹਰ ਕਰ ਰਹੇ ਹਨ। ਆਸ਼ੂਤੋਸ਼ ਕਹਿੰਦੇ ਹਨ, 'ਮੈਨੂੰ ਖੁਸ਼ੀ ਹੈ ਕਿ ਰਣ ਨੇ ਮੈਨੂੰ ਇਸ ਫਿਲਮ ਲਈ ਚੁਣਿਆ ਹੈ। ਇਨ੍ਹੀਂ ਦਿਨੀਂ ਮੈਨੂੰ ਚੰਗੀਆਂ ਫਿਲਮਾਂ ਤੇ ਚੰਗੇ ਰੋਲ ਮਿਲ ਰਹੇ ਹਨ। 'ਭੂਤ' ਵਿੱਚ ਮੈਂ ਪੈਰਾਨਾਰਮਲ ਐਕਟੀਵਿਟੀਜ਼ ਵਿੱਚ ਐਕਸਪਰਟ ਪ੍ਰੋਫੈਸਰ ਦਾ ਰੋਲ ਨਿਭਾ ਰਿਹਾ ਹਾਂ। ਇਸ ਫਿਲਮ ਦੇ ਇਲਾਵਾ ਜਲਦੀ ਹੀ 'ਚਿਕਨ



ਕਰੀ' ਵਿੱਚ ਵੀ ਨਜ਼ਰ ਆਵਾਂਗਾ। ਉਸ ਵਿੱਚ ਮੇਰਾ ਰੋਲ ਵਕੀਲ ਦਾ ਹੈ।"

ਆਸ਼ੂਤੋਸ਼ ਇਸ ਤੋਂ ਪਹਿਲਾਂ ਕਰਣ ਜੌਹਰ ਦੇ ਨਿਰਮਾਣ ਵਾਲੀ ਫਿਲਮ 'ਹੰਪਟੀ ਸ਼ਰਮਾ ਕੀ ਦੁਲਹਨੀਆਂ' ਵਿੱਚ ਵੀ ਕੰਮ ਕਰ ਚੁੱਕੇ ਹਨ। ਇਸ ਵਿੱਚ ਉਨ੍ਹਾਂ ਨੇ ਆਲੀਆ ਭੱਟ ਦੇ ਪਿਤਾ ਦਾ ਕਿਰਦਾਰ ਨਿਭਾਇਆ ਸੀ। ਆਸ਼ੂਤੋਸ਼, ਰਿਤਿਕ-ਟਾਈਗਰ ਸਟਾਰਰ 'ਵਾਰ' ਵਿੱਚ ਵੀ ਵਿਲੇਨ ਦੇ ਰੋਲ ਵਿੱਚ ਨਜ਼ਰ ਆਉਣਗੇ। ਇਸ ਦੇ ਇਲਾਵਾ ਇੱਕ ਵੈਬ ਸ਼ੋਅ ਵਿੱਚ ਉਹ ਮੁਗਲ ਸ਼ਾਸਕ ਔਰੰਗਜੇਬ ਦੇ ਕਿਰਦਾਰ ਵਿੱਚ ਵੀ ਦਿਖਾਈ ਦੇਣਗੇ।

Barber ਦੀ ਲੋੜ For Men Haircut

Airport ਤੇ Sandalwood ਦੇ ਏਰੀਏ 'ਚ ਇਕ ਸੇਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਕਾਲ ਕਰੋ :

416 992 2320

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
Local City Drivers @ 22/hr
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਸੀਨੀਅਰ ਕਾਂਗਰਸੀ ਆਗੂਆਂ ਨੇ ਸਿੱਧੂ ਤੋਂ ਦੂਰੀ ਬਣਾਈ ਰੱਖੀ



ਅੰਮ੍ਰਿਤਸਰ, 25 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਵਿਚੋਂ ਮੰਤਰੀ ਵਜੋਂ ਅਸਤੀਫਾ ਦੇ ਕੇ ਅੰਮ੍ਰਿਤਸਰ ਪਰਤੇ ਨਵਜੋਤ ਸਿੰਘ ਸਿੱਧੂ ਤੋਂ ਇਸ ਸ਼ਹਿਰ ਦੇ ਵੱਡੇ ਕਾਂਗਰਸੀ ਆਗੂਆਂ ਨੇ ਹਾਲੇ ਦੂਰੀ ਬਣਾਈ ਹੋਈ ਹੈ, ਪਰ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਦੇ ਕੌਂਸਲਰਾਂ ਅਤੇ ਹੋਰ ਆਗੂਆਂ ਵੱਲੋਂ ਸਿੱਧੂ ਨਾਲ ਉਨ੍ਹਾਂ ਦੇ ਘਰ ਮੁਲਾਕਾਤਾਂ ਦਾ ਸਿਲਸਿਲਾ ਜਾਰੀ ਹੈ। ਇਸ ਦੌਰਾਨ ਮੀਡੀਆ ਨੂੰ ਦੂਰ ਰੱਖਿਆ ਜਾ ਰਿਹਾ ਹੈ।

ਵਰਨਣ ਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਪੈਦਾ ਹੋਏ ਮਤਭੇਦਾਂ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਚੰਡੀਗੜ੍ਹ ਸਥਿਤ ਆਪਣੀ ਰਿਹਾਇਸ਼ ਖਾਲੀ ਕਰ ਦਿੱਤੀ ਹੈ। ਉਹ ਐਤਵਾਰ ਰਾਤ ਨੂੰ ਅੰਮ੍ਰਿਤਸਰ ਪਰਤ ਆਏ ਸਨ ਤੇ ਸੋਮਵਾਰ ਨੂੰ ਸਾਰਿਆਂ ਤੋਂ ਦੂਰੀ ਬਣਾਈ ਰੱਖੀ, ਪਰ ਕੱਲ੍ਹ ਉਨ੍ਹਾਂ ਦੇ ਘਰ ਉਨ੍ਹਾਂ ਦੇ ਵਿਧਾਨ ਸਭਾ ਹਲਕੇ ਨਾਲ ਸਬੰਧਤ ਕੌਂਸਲਰਾਂ, ਆਗੂਆਂ ਅਤੇ ਵਰਕਰਾਂ ਦੀ ਆਵਾਜਾਈ ਲੱਗੀ ਰਹੀ। ਉਨ੍ਹਾਂ ਘਰ ਆਏ ਆਪਣੇ ਸਮਰਥਕਾਂ ਨਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਆਪਣੇ ਹਲਕੇ ਵਿੱਚ ਸਰਗਰਮ ਹੋਣ ਵਾਸਤੇ ਆਖਿਆ। ਕੌਂਸਲਰਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਅਧੂਰੇ ਪਏ ਕੰਮਾਂ ਤੇ ਭਵਿੱਖ ਵਿੱਚ ਹੋਣ ਵਾਲੇ ਕੰਮਾਂ ਦੀ ਸੂਚੀ ਬਣਾ ਕੇ ਉਨ੍ਹਾਂ ਨੂੰ ਦੇਣ ਤਾਂ ਜੋ ਇਹ ਸਾਰੇ ਕੰਮ ਮੁਕੰਮਲ ਕਰਾਏ ਜਾ ਸਕਣ। ਉਨ੍ਹਾਂ ਨੇ ਕੁਝ ਕੌਂਸਲਰਾਂ ਨੂੰ ਚੈਕ ਵੀ ਵੰਡੇ। ਨਵਜੋਤ ਸਿੰਘ ਸਿੱਧੂ ਭਾਵੇਂ ਅੰਮ੍ਰਿਤਸਰ ਪਰਤ ਆਏ ਹਨ, ਪਰ ਅੰਮ੍ਰਿਤਸਰ ਜ਼ਿਲੇ ਨਾਲ ਸਬੰਧਤ ਮੰਤਰੀਆਂ ਅਤੇ ਸੀਨੀਅਰ ਕਾਂਗਰਸੀਆਂ ਨੇ ਫਿਲਹਾਲ ਉਨ੍ਹਾਂ ਤੋਂ ਦੂਰੀ ਬਣਾਈ ਹੋਈ ਹੈ। ਇਸ ਸਬੰਧੀ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਆਖਿਆ ਕਿ ਸਿੱਧੂ ਕਾਂਗਰਸ ਦਾ ਅਟੁੱਟ ਹਿੱਸਾ ਹਨ ਅਤੇ ਜਦੋਂ ਉਹ ਸੱਦਣਗੇ, ਉਹ ਮਿਲਣ ਲਈ ਜ਼ਰੂਰ ਜਾਣਗੇ। ਜ਼ਿਲਾ ਕਾਂਗਰਸ ਕਮੇਟੀ ਸ਼ਹਿਰੀ ਦੀ ਪ੍ਰਧਾਨ ਜਤਿੰਦਰ ਸੋਨੀਆ ਨੇ ਆਖਿਆ ਕਿ ਸਿੱਧੂ ਨੂੰ ਅਸਤੀਫਾ ਨਹੀਂ ਦੇਣਾ ਚਾਹੀਦਾ ਸੀ। ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਰਮਨ ਬਖਸ਼ੀ ਨੇ ਕਿਹਾ ਕਿ ਮੌਜੂਦਾ ਸਥਿਤੀ ਲਈ ਸਿੱਧੂ ਖੁਦ ਜ਼ਿੰਮੇਵਾਰ ਹਨ।

# ਚੋਰੀ ਦੇ ਗਹਿਣਿਆਂ ਸਮੇਤ ਦੋਸ਼ੀ ਫੜ੍ਹਿਆ ਗਿਆ



ਫਿਲੌਰ, 25 ਜੁਲਾਈ (ਪੋਸਟ ਬਿਊਰੋ)- ਐਸ ਐਚ ਓ ਫਿਲੌਰ ਇੰਸਪੈਕਟਰ ਪ੍ਰੇਮ ਸਿੰਘ ਭੰਗੂ ਅਤੇ ਇੰਸਪੈਕਟਰ ਜੈ ਪਾਲ ਨੇ ਦੱਸਿਆ ਕਿ 4-5 ਦਿਨ ਪਹਿਲਾਂ ਸਥਾਨਕ ਮੁਹੱਲਾ ਮਥੁਰਾਪਰੀ 'ਚ ਇਕ ਘਰ 'ਚੋਂ ਚੋਰੀ ਹੋਏ ਗਹਿਣੇ ਅਤੇ ਦੋਸ਼ੀ ਕਾਬੂ ਕਰਨ ਵਿੱਚ ਪੁਲਸ ਨੂੰ ਵੱਡੀ ਸਫਲਤਾ ਮਿਲੀ ਹੈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਚੋਰੀ ਹੋਏ ਗਹਿਣੇ ਟੌਪਸਾਂ ਸਮੇਤ ਸੋਨੇ ਦਾ ਸੈਟ, ਪੰਜ ਮੁੰਦੀਆਂ, ਤਿੰਨ ਜੋੜੇ ਵਾਲੀਆਂ, ਟੌਪਸਾਂ ਦਾ ਜੋੜਾ, ਸੋਨੇ ਦਾ ਕੜਾ ਅਤੇ ਇਕ ਸੋਨੇ ਦੀ ਚੇਨੀ ਬਰਾਮਦ ਕਰ ਲਏ ਹਨ। ਉਨ੍ਹਾਂ ਦੱਸਿਆ ਕਿ ਕੇਸ ਦਰਜ ਕਰਨ ਉਪਰੰਤ ਦੋਸ਼ੀਆਂ ਮੀਨਾ ਪੁੱਤਰੀ ਅਮਰ ਚੰਦ ਵਾਸੀ ਚੁਗਿੱਟੀ (ਜਲੰਧਰ) ਅਤੇ ਅਮਿਤ ਕੁਮਾਰ ਪੁੱਤਰ ਰਾਕੇਸ਼ ਕੁਮਾਰ ਵਾਸੀ ਗੜ੍ਹਾ (ਫਿਲੌਰ) ਨੂੰ ਅਦਾਲਤ 'ਚ ਪੇਸ਼ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਫਿਲੌਰ ਦੇ ਮੁਹੱਲਾ ਮਥੁਰਾਪੁਰੀ 'ਚ ਚੋਰੀ ਹੋ ਗਈ ਸੀ। ਘਰ ਦੇ ਮਾਲਕ ਨੇ ਪੁਲਸ ਨੂੰ ਸ਼ਿਕਾਇਤ ਕੀਤੀ ਕਿ ਉਸ ਦੇ ਘਰੋਂ ਸੋਨੇ ਦੇ ਗਹਿਣੇ ਅਤੇ ਨਕਦੀ ਚੋਰੀ ਹੋ ਗਈ ਹੈ। ਉਨ੍ਹਾਂ ਮੁਤਾਬਕ ਘਰ ਦੇ ਮਾਲਕ ਨੇ ਦੱਸਿਆ ਸੀ ਕਿ ਉਹ ਸਾਰਾ ਪਰਵਾਰ ਆਪਣੇ ਘਰ 'ਚ ਸੁੱਤੇ ਪਏ ਸਨ, ਮੁੱਖ ਦਰਵਾਜ਼ੇ ਨੂੰ ਅੰਦਰੋਂ ਤਾਲਾ ਲੱਗਾ ਸੀ ਤੇ ਅਲਮਾਰੀ ਵਾਲੇ ਕਮਰੇ ਨੂੰ ਤਾਲਾ ਲੱਗਾ ਹੋਇਆ ਸੀ। ਪਰਵਾਰਕ ਮੈਂਬਰਾਂ ਦੇ ਘਰ ਹੁੰਦੇ ਹੋਏ ਦਰਵਾਜ਼ੇ ਨੂੰ ਲੱਗੇ ਤਾਲਿਆਂ ਨੂੰ ਖੋਲ੍ਹ ਕੇ ਅਲਮਾਰੀ 'ਚੋਂ ਸੋਨੇ ਦੇ ਗਹਿਣੇ ਤੇ ਨਕਦੀ ਚੋਰੀ ਹੋ ਗਏ। ਜਦੋਂ ਪੁਲਸ ਨੇ ਉਕਤ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਤਾਂ ਸ਼ੱਕ ਹੋਇਆ ਕਿ ਇਸ ਵਿੱਚ ਘਰ ਦੇ ਕਿਸੇ ਬੰਦੇ ਦਾ ਹੱਥ ਹੈ। ਤਫਤੀਸ਼ ਦੌਰਾਨ ਪਤਾ ਲੱਗਾ ਕਿ ਘਰ ਦੀ ਇਕ ਨੂੰਹ ਦਾ ਪਿਛਲੇ ਅੱਠ ਮਹੀਨੇ ਤੋਂ ਬਾਹਰ ਦੇ ਕਿਸੇ ਨੌਜਵਾਨ ਨਾਲ ਤਾਲਮੇਲ ਸੀ। ਉਨ੍ਹਾਂ ਦੋਵਾਂ ਨੇ ਮਿਲ ਕੇ ਉਕਤ ਵਾਰਦਾਤ ਕੀਤੀ ਹੋਈ ਨਿਕਲੀ ਹੈ।

# ਵਿਦੇਸ਼ ਤੋਂ ਨੌਜਵਾਨ ਦੀ ਦੇਹ ਆਉਣ ਨਾਲ ਸੋਗ ਪੱਸਰਿਆ

ਗੁਰਾਇਆ, 25 ਜੁਲਾਈ (ਪੋਸਟ ਬਿਊਰੋ)- ਗੁਰਾਇਆ ਨੇੜਲੇ ਪਿੰਡ ਬੋਪਾਰਾਏ ਦੇ ਨੌਜਵਾਨ ਦੀ ਮਲੇਸ਼ੀਆ 'ਚ ਸੜਕ ਹਾਦਸੇ 'ਚ ਮੌਤ ਗਈ ਸੀ। ਨੌਜਵਾਨ ਦੀ ਦੇਹ ਮਲੇਸ਼ੀਆ ਤੋਂ ਪਿੰਡ ਆਉਣ 'ਤੇ ਸੋਗ ਪਸਰ ਗਿਆ। ਪਿੰਡ ਬੋਪਾਰਾਏ ਦੇ ਸ਼ਮਸ਼ਾਨਘਾਟ 'ਚ ਨੌਜਵਾਨ ਦੀ ਦੇਹ ਨੂੰ ਅਗਨੀ ਭੇਂਟ ਕੀਤਾ ਗਿਆ। ਇਸ ਸਬੰਧੀ ਨੌਜਵਾਨ ਦੇ ਚਾਚੇ ਸੁਰਿੰਦਰ ਮੱਕੜ ਅਤੇ ਸ਼ਾਮ ਸੁੰਦਰ ਮੱਕੜ ਨੇ ਦੱਸਿਆ ਕਿ ਪਰਮਿੰ-ਦਰ ਕੁਮਾਰ ਮੱਕੜ ਪੁੱਤਰ ਲੱਛਮੀ ਨਾਰਾਇਣ ਮੱਕੜ (30 ਸਾਲ) ਪਿਛਲੇ ਸੱਤ ਸਾਲ ਤੋਂ ਰੋਜ਼ੀ ਖਾਤਰ ਮਲੇਸ਼ੀਆ ਗਿਆ ਹੋਇਆ ਸੀ। ਪਿਛਲੇ ਦਿਨੀਂ ਉਹ ਮੋਟਰ ਸਾਈਕਲ ਉਤੇ ਘਰੋਂ ਡੇਰੇ ਸੇਵਾ ਕਰਨ ਲਈ ਗਿਆ ਤਾਂ ਰਸਤੇ 'ਚ ਉਸ ਦੇ ਮੋਟਰ ਸਾਈਕਲ ਨੂੰ ਟਰੱਕ ਨੇ ਟੱਕਰ ਮਾਰ ਦਿੱਤੀ, ਜਿਸ ਨਾਲ ਉਸ ਦੀ ਮੌਤ ਹੋ ਗਈ।

# ਪਾਣੀ ਦੀ ਨਿਕਾਸੀ ਵਾਸਤੇ ਦੋ ਪਿੰਡ ਆਹਮੋ-ਸਾਹਮਣੇ ਹੋਏ

ਫਰੀਦਕੋਟ, 25 ਜੁਲਾਈ (ਪੋਸਟ ਬਿਊਰੋ)- ਪਿਛਲੇ ਦਿਨੀਂ ਭਾਰੀ ਮੀਂਹ ਕਾਰਨ ਨਿਕਾਸੀ ਦੇ ਪ੍ਰਸ਼ਾਸਨ ਵੱਲੋਂ ਕੀਤੇ ਪ੍ਰਬੰਧ ਜ਼ਿਲ੍ਹੇ ਦੇ ਪਿੰਡ ਬੱਗੇਆਣਾ ਤੇ ਪਿੰਡ ਔਲਖ ਦੇ ਲੋਕਾਂ ਵਿਚਾਲੇ ਤਣਾਅ ਦਾ ਕਾਰਨ ਬਣ ਗਏ। ਵਿਵਾਦ ਇੰਨਾ ਵਧ ਗਿਆ ਕਿ ਪਿੰਡ ਬੱਗੇਆਣਾ ਦੇ ਮਰਦ ਅਤੇ ਔਰਤਾਂ ਲਾਠੀਆਂ ਲੈ ਕੇ ਨਿਰਮਾਣ ਵਾਲੀ ਜਗ੍ਹਾ ਨੇੜੇ ਪਹੁੰਚ ਗਏ। ਪਿੰਡ ਔਲਖ ਦੀ ਪੰਚਾਇਤ ਪਿੰਡ ਦੇ ਬਰਸਾਤੀ ਅਤੇ ਗੰਦੇ ਪਾਣੀ ਦੇ ਨਿਕਾਸ ਦੇ ਲਈ ਪਿੰਡ ਬੱਗੇਆਣਾ ਦੇ ਨੇੜਿਉਂ ਲੰਘਦੀ ਡਰੇਨ ਵਿੱਚ ਜੇ ਸੀ ਬੀ ਮਸ਼ੀਨਾਂ ਨਾਲ ਜ਼ਮੀਨ ਵਿੱਚ ਪਾਈਪਾਂ ਪਵਾ ਰਹੀ ਸੀ।ਦੂਜੇ ਪਾਸੇ ਪਿੰਡ ਬੱਗੇਆਣਾ ਦੇ ਲੋਕ ਉਨ੍ਹਾਂ ਨੂੰ ਏਦਾਂ ਕਰਨ ਤੋਂ ਇਸ ਲਈ ਰੋਕਦੇ ਸਨ ਕਿ ਗੰਦੇ ਪਾਣੀ ਦੇ ਇਥੇ ਇਕੱਠੇ ਹੋਣ ਕਾਰਨ ਉਨ੍ਹਾਂ ਦੇ ਪਿੰਡ ਬਿਮਾਰੀਆਂ ਫੈਲ ਸਕਦੀਆਂ ਹਨ। ਪਿੰਡ ਔਲਖ ਦੇ ਲੋਕਾਂ ਨੇ ਕਿਹਾ ਕਿ ਬਰਸਾਤਾਂ ਦੌਰਾਨ ਪਾਣੀ ਉਨ੍ਹਾਂ ਦੇ ਪਿੰਡ ਦੇ ਘਰਾਂ ਵਿੱਚ ਪਹੁੰਚ ਜਾਂਦਾ ਹੈ। ਇਸ ਦੇ ਨਿਕਾਸ ਲਈ ਉਨ੍ਹਾਂ ਨੂੰ ਲੰਗੇਆਣਾ ਡਰੇਨ ਵਿੱਚ ਪਾਈਪਾਂ ਪਾਉਣ ਦੀ ਮਨਜ਼ੂਰੀ ਮਿਲੀ ਹੈ ਅਤੇ ਉਹ ਪਾ ਰਹੇ ਹਨ, ਜੇ ਪ੍ਰਸ਼ਾਸਨ ਉਨ੍ਹਾਂ ਨੀਂ ਕੰਮ ਰੋਕਣ ਲਈ ਕਹੇਗਾ ਤਾਂ ਕੰਮ ਰੋਕ ਦੇਣਗੇ। ਲਾਠੀਆਂ ਨਾਲ ਪਹੁੰਚੇ ਪਿੰਡ ਬੱਗੇਆਣਾ ਦੇ ਲੋਕਾਂ ਨੇ ਕਿਹਾ ਕਿ ਔਲਖ ਤੋਂ ਭਲੂਰ ਵੱਲ ਇਸੇ ਡਰੇਨ ਦਾ ਪਿੰਡ ਔਲਖ ਤੋਂ ਫਾਸਲਾ ਦੋ ਕਿਲੋਮੀਟਰ ਹੈ, ਉਨ੍ਹਾਂ ਦੇ ਪਿੰਡ ਦੀ ਦਿਸ਼ਾ ਵਿੱਚ ਇਹ ਫਾਸਲਾ ਚਾਰ ਕਿਲੋਮੀਟਰ ਹੈ।


UPPAL LAW




AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor



FREE Consultation

Tel: 905-500-1507
351 Parkhurst Square, # 16, Brampton,ON L6T 0C2, Fax: 905-672-7848

* PRIOR APPOINTMENT NECESSARY


# ਰਾਜ ਸਭਾ ਵਿੱਚ ਪੰਜ ਮੈਂਬਰਾਂ ਨੂੰ ਮਿਆਦ ਪੁੱਗਣ ਉੱਤੇ ਵਿਦਾਈ ਦਿੱਤੀ ਗਈ



ਨਵੀਂ ਦਿੱਲੀ, 25 ਜੁਲਾਈ (ਪੋਸਟ ਬਿਊਰੋ)- ਰਾਜ ਸਭਾ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸੈਕਟਰੀ ਡੀ ਰਾਜਾ ਅਤੇ ਅੰਨਾ ਡੀ ਐਮ ਕੇ ਪਾਰਟੀ ਦੇ ਡਾ. ਵੀ ਮੈਤੇਯਨ ਸਮੇਤ ਪੰਜ ਮੈਂਬਰਾਂ ਨੂੰ ਉਨ੍ਹਾਂ ਦਾ ਕਾਰਜਕਾਲ ਪੂਰਾ ਹੋਣ 'ਤੇ ਵਿਦਾਈ ਦਿੱਤੀ ਗਈ। ਡੀ ਰਾਜਾ ਅਤੇ ਮੈਤੇਯਨ ਤੋਂ ਇਲਾਵਾ ਤਿੰਨ ਹੋਰ ਮੈਂਬਰ ਅੰਨਾ ਡੀ ਐਮ ਕੇ ਪਾਰਟੀ ਵੱਲੋਂ ਕੇ ਆਰ ਅਰਜੁਨਨ, ਆਰ ਲਕਸ਼ਮਣ ਅਤੇ ਟੀ ਰਤਨਾਵੇਲ ਹਨ।

ਕੱਲ੍ਹ ਸਦਨ ਦੀ ਬੈਠਕ ਸ਼ੁਰੂ ਹੋਣ ਉਤੇ ਚੇਅਰਮੈਨ ਐਮ ਵੈਂਕਈਆ ਨਾਇਡੂ ਨੇ ਜ਼ਰੂਰੀ ਦਸਤਾਵੇਜ਼ ਸਦਨ ਦੀ ਮੇਜ਼ ਉੱਤੇ ਰਖਵਾਏ ਅਤੇ ਪੰਜ ਮੈਂਬਰਾਂ ਦਾ ਕਾਰਜਕਾਲ ਪੂਰਾ ਹੋਣ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਮੈਂਬਰਾਂ ਨੇ ਸਦਨ ਵਿੱਚ ਹੋਣ ਵਾਲੀਆਂ ਬਹਿਸਾਂ, ਚਰਚਾਵਾਂ ਆਦਿ ਵਿੱਚ ਹਿੱਸਾ ਲਿਆ ਅਤੇ ਆਪਣੇ ਸੂਬੇ ਨਾਲ ਜੁੜੇ ਮਹੱਤਵ ਪੂਰਨ ਮੁੱਦੇ ਉਠਾਏ ਸਨ। ਉਨ੍ਹਾਂ ਸਾਰੇ ਮੈਂਬਰਾਂ ਦੇ ਲੰਬੇ ਜੀਵਨ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਸਦਨ ਦੇ ਨੇਤਾ ਥਾਵਰ ਚੰਦ ਗਹਿਲੋਤ ਨੇ ਕਿਹਾ ਕਿ ਭਾਵੇਂ ਉਚ ਸਦਨ ਵਿੱਚ ਪੰਜਾਂ ਮੈਂਬਰਾਂ ਦਾ ਕਾਰਜਕਾਲ ਪੂਰਾ ਹੋ ਗਿਆ ਹੋਵੇ, ਪਰ ਉਹ ਜਨਤਕ ਸੇਵਾ ਕਰਦੇ ਰਹਿਣਗੇ। ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ ਨੇ ਇਨ੍ਹਾਂ ਸਾਰੇ ਮੈਂਬਰਾਂ ਦੇ ਯੋਗਦਾਨ ਦਾ ਜ਼ਿਕਰ ਕਰਦੇ ਹੋਏ ਆਸ ਪ੍ਰਗਟਾਈ ਕਿ ਸਦਨ ਵਿੱਚ ਫਿਰ ਉਨ੍ਹਾਂ ਦੀ ਵਾਪਸੀ ਹੋਵੇਗੀ। ਉਨ੍ਹਾਂ ਕਿਹਾ ਕਿ ਉਹ ਵਿਰੋਧੀ ਧਿਰ ਦੇ ਨੇਤਾ ਹਨ, ਪਰ ਉਨ੍ਹਾਂ ਨੂੰ ਬੋਲਣ ਦਾ ਮੌਕਾ ਮੁਸ਼ਕਲ ਨਾਲ ਹੀ ਮਿਲਦਾ ਹੈ, ਪਰ ਡੀ ਰਾਜਾ ਅਜਿਹੇ ਨੇਤਾ ਹਨ, ਜਿਨ੍ਹਾਂ ਇਕ ਦਿਨ ਵਿੱਚ ਹਰ ਮੁੱਦੇ 'ਤੇ ਚਾਰ ਜਾਂ ਪੰਜ ਵਾਰ ਆਪਣੀ ਗੱਲ ਰੱਖੀ। ਜ਼ੀਰੋ ਆਵਰ ਤੋਂ ਲੈ ਕੇ ਬੈਠਕ ਮੁਲਤਵੀ ਹੋਣ ਤੱਕ ਉਨ੍ਹਾਂ ਦੇ ਬੋਲਣ ਦੀ ਸਮਰੱਥਾ ਦੇ ਬਾਰੇ ਮੈਂ ਨਹੀਂ ਜਾਣ ਸਕਿਆ। ਇਸ 'ਤੇ ਚੇਅਰਮੈਨ ਨਾਇਡੂ ਨੇ ਕਿਹਾ ਕਿ ਕਿਉਂਕਿ ਉਹ ਰਾਜਾ ਹਨ ਅਤੇ ਕੱਲ੍ਹ ਤੋਂ ਉਹ ਜਨਤਾ ਕੋਲ ਜਾ ਰਹੇ ਹਨ। ਚੇਅਰਮੈਨ ਨੇ ਰਾਜਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕੱਲ੍ਹ ਤੋਂ ਉਨ੍ਹਾਂ ਦਾ ਮੁਸਕਰਾਉਂਦਾ ਚਿਹਰਾ ਏਥੇ ਨਜ਼ਰ ਨਹੀਂ ਆਵੇਗਾ। ਆਜ਼ਾਦ ਨੇ ਰਾਜਾ ਨੂੰ ਸੀ ਪੀ ਆਈ ਦਾ ਰਾਸ਼ਟਰੀ ਜਨਰਲ ਸਕੱਤਰ ਚੁਣੇ ਜਾਣ ਉਤੇ ਵਧਾਈ ਵੀ ਦਿੱਤੀ। ਡੀ ਰਾਜਾ ਨੇ ਕਿਹਾ ਕਿ ਇਸ ਸਦਨ ਵਿੱਚ ਉਨ੍ਹਾਂ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ ਅਤੇ ਉਹ ਖਾਸਾ ਤਜਰਬਾ ਲੈ ਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੁਝ ਕੰਮ ਅਧੂਰੇ ਰਹਿ ਗਏ ਹਨ। ਦਲਿਤਾਂ, ਪੱਛੜਿਆਂ ਅਤੇ ਆਰਥਿਕ ਰੂਪ ਨਾਲ ਕਮਜ਼ੋਰ ਵਰਗਾਂ ਨੂੰ ਅੱਜ ਵੀ ਵਿਕਤਰੇ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਨਹੀਂ ਹੋਣਾ ਚਾਹੀਦਾ।



ਸੰਤ ਬਾਬਾ ਭਾਗ ਸਿੰਘ ਜੀ ਅਤੇ ਸੰਤ ਬਾਬਾ ਮਲਕੀਤ ਸਿੰਘ ਜੀ
ਸੰਤ ਬਾਬਾ ਹਰਦਿਆਲ ਸਿੰਘ ਜੀ ਮੁਸਾਫਿਰ ਜੱਬਰ ਵਾਲੇ

ਬਰਸੀ ਸਮਾਗਮ

ਓਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਮਿਸੀਸਾਗਾ

ਮਿਤੀ 28 ਜੁਲਾਈ ਦਿਨ ਐਤਵਾਰ

ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸੰਤ ਬਾਬਾ ਭਾਗ ਸਿੰਘ ਜੀ ਅਤੇ ਸੰਤ ਬਾਬਾ ਹਰਦਿਆਲ ਸਿੰਘ ਜੀ ਮੁਸਾਫਿਰ ਜੱਬਰ ਵਾਲਿਆਂ ਦੀ ਨਿੱਘੀ ਯਾਦ ਨੂੰ ਸਮਰਪਿਤ ਉਹਨਾ ਦੇ ਬਰਸੀ ਸਮਾਗਮ ਆਦਮਪੁਰ ਦੁਆਬਾ ਦੇ ਆਸ ਪਾਸ ਇਲਾਕੇ ਦੇ ਪਿੰਡਾਂ ਦੀ ਸਾਧ ਸੰਗਤ ਵਲੋਂ ਬੜੀ ਸ਼ਰਧਾ ਅਤੇ ਸਦਭਾਵਨਾ ਨਾਲ ਮਨਾਏ ਜਾ ਰਹੇ ਹਨ। ਇਹ ਸਮਾਗਮ 28 ਜੁਲਾਈ ਦਿਨ ਐਤਵਾਰ ਨੂੰ ਹਾਲ ਨੰ 5 ਤੇ' ਗੁਰੁਦੁਆਰਾ ਓਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਵਿਖੇ ਹੋਣਗੇ।



ਸੰਤ ਬਾਬਾ ਭਾਗ ਸਿੰਘ ਜੀ

ਪ੍ਰੋਗਰਾਮ ਦਾ ਵੇਰਵਾ
ਆਰੰਭ ਸ੍ਰੀ ਆਖੰਡ ਪਾਠ ਸਾਹਿਬ
ਦਿਨ ਸ਼ੁੱਕਰਵਾਰ 26 ਜੁਲਾਈ 2019 ਸਵੇਰੇ 10 ਵਜੇ
ਭੋਗ ਸ੍ਰੀ ਆਖੰਡ ਪਾਠ ਸਾਹਿਬ
ਦਿਨ ਐਤਵਾਰ 28 ਜੁਲਾਈ 2019 ਸਵੇਰੇ 10 ਵਜੇ

ਉਪਰੰਤ ਅਲਾਹੀ ਬਾਣੀ ਦੇ ਕੀਰਤਨ ਅਤੇ ਢਾਡੀ ਵਾਰਾਂ ਦੇ ਪ੍ਰਵਾਹ ਚੱਲਣਗੇ। ਵਿਦਵਾਨਾ ਵਲੋਂ ਮਹਾਂਪੁਰਸ਼ਾ ਦੇ ਜੀਵਨ ਬਾਰੇ ਵਿਚਾਰਾਂ ਸਾਝੀਆਂ ਕੀਤੀਆਂ ਜਾਣਗੀਆਂ। ਸਭ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਇਸ ਸਮਾਗਮ ਵਿੱਚ ਸ਼ਮੂਲੀਅਤ ਕਰੋ ਜੀ।

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ ਅਵਤਾਰ ਸਿੰਘ ਮਿਨਹਾਸ 416 744 9393,
ਮਹਿੰਦਰ ਸਿੰਘ ਢਿੱਲੋਂ 905 495 3227, ਪ੍ਰਿਤਪਾਲ ਸਿੰਘ ਪੰਮਾ 647 867 9545



ਸੰਤ ਬਾਬਾ ਮਲਕੀਤ ਸਿੰਘ


Discover your next opportunity at Amazon
Earn $15.75 an hour or more as a warehouse associate in the Greater Toronto Area.
Full-time opportunities with weekly pay and multiple shift options available.
Start your application now - you could have an Amazon job offer today!
amazon.com/torontojobs
Amazon is an Equal Opportunity Employer — Minority / Women / Disability / Veteran / Gender Identity / Sexual Orientation / Age


African Lion Safari®
Canada's Original Safari Adventure™
GET CLOSER
Celebrating 50 WILD years!
OPEN DAILY MAY 4 - SEPTEMBER 29, 2019
Save up to $18.00*
*Valid for $3.00 off any regular admission. Offer valid to a maximum of six (6) persons per vehicle. Only one coupon or discount per family vehicle accepted. Cannot be used in conjunction with any other offer. Coupon must be presented at time of ticket purchase. Discounts of any kind will not be accepted after payment has been finalized. No cash value. Not valid for groups. Valid until September 29, 2019.
C0022
Located One Hour West of Toronto. 1386 Cooper Road, Hamilton, Ontario
VISIT LIONSAFARI.COM AND PLAN YOUR TRIP TODAY!


ROYAL CANADIAN Family CIRCUS
UNDER THE BIG TOP
MISSISSAUGA - Sheridan Centre
AUGUST 1 – 5
BURLINGTON, ON • AUGUST 9 – 11
MILTON FAIRGROUNDS, ON • AUGUST 15 – 18
Run Away to the Circus for a Day!
ALL NEW SHOW
BRING THIS AD TO THE BIG TOP BOX OFFICE
BUY 2 FOR THE PRICE OF 1
Spectac!® 2019
BUY 2 FOR THE PRICE OF 1
www.royalcanadiancircus.ca
PROMO CODE: punjabi
"DISCOUNT AVAILABLE ON GENERAL ADMISSION TICKETS ONLY"
Tickets: Sheridan Centre "Rush For Men"
OR: On-site Circus Box Office (on day of performance) - Cash Sales Only
NOTICE - DUE TO FACTORS BEYOND THE CONTROL OF THE CIRCUS, ITS PRODUCER, PRESENTER AND SALES AGENTS; PERFORMERS AND ACTS IN THE SHOW MAY DIFFER FROM THOSE PORTRAYED OR REPRESENTED AND THEREFORE WE ASSUME NO LIABILITY FOR SUCH CHANGES.*
*ACTS SUBJECT TO CHANGE.

